Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 23-11-2024 • Vol.42 No.47 • Ph. : 0175-2214575, 90410-14575 • Page : 16 E-mail : khetiduniyan1983@gmail.com

## ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ

# ਬੀਜੀ ਕਣਕ ਦਾ ਕੀਤਾ ਜਾ ਰਿਹੈ ਸਰਵੇਖਣ

### ਕਿਸਾਨ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਨ : ਮੁੱਖ ਖੇਤੀਬਾੜੀ ਅਫ਼ਸਰ

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਬੀਜੀ ਕਣਕ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਸਮੂਹ ਬਲਾਕਾਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਬਲਾਕ ਦੇ ਖੇਤੀਬਾੜੀ ਬਲਾਕ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਵਿਸਥਾਰ ਅਫ਼ਸਰ ਤੇ ਖੇਤੀਬਾੜੀ ਉਪ ਨਿਰੀਖਣ ਖੇਤਾਂ ਵਿੱਚ ਜਾ ਕੇ ਬੀਜੀ ਕਣਕ ਦਾ ਸਰਵੇਖਣ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਨਾਮਾਤਰ ਹੀ ਹੈ, ਪਰ ਅਹਿਤਿਆਤ ਵਜੋਂ ਕਿਸਾਨ ਆਪਣੀ ਫ਼ਸਲ ਦਾ ਸਰਵੇਖਣ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਆਪਣੇ ਖੇਤ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦਾ ਪਤਾ ਲੱਗੇ ਤਾਂ ਉਹ ਤੁਰੰਤ ਆਪਣੇ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰੇ।


ਖੇਤੀਬਾੜੀ ਵਿਭਾਗ ਦੇ ਅਧਿਕਾਰੀ ਖੇਤ ਦਾ ਸਰਵੇਖਣ ਕਰਦੇ ਹੋਏ।

ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੀ ਫਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਹਮੇਸ਼ਾ ਬੀਜ ਨੂੰ ਕੀਟਨਾਸ਼ਕ ਜਿਵੇਂ ਕਿ 160 ਮਿ. ਲਿ. ਕਲੋਰੋਪਾਇਫਰੀਫਾਸ ਜਾਂ 80 ਮਿ. ਲਿ. ਇਮਿਡਾਕਲੋਪਰਿਡ ਤੇ ਹੈਪਸਾਕੋਨਾਜੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕੀਤੀ ਜਾਵੇ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਫਿਪਰੋਨਿਲ ਜਾਂ ਇਕ ਲਿਟਰ ਕਲੋਰੋਪਾਇਫਰੀਫਾਸ 20 ਈ.ਸੀਂ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛਿੱਟਾ ਦਿੱਤਾ ਜਾ ਸਕਦਾ ਹੈ ਜਾਂ ਇਸ ਦੇ ਬਦਲ ਵਜੋਂ 50 ਮਿ. ਲਿ. ਪ੍ਰਤੀ ਏਕੜ ਕੋਰਾਜ਼ਿਨ 18.5 ਐਸ.ਸੀ (ਕਲੋਰਐਟਰਾਨਿਲੀਪਰੋਲ) ਨੂੰ 80-100 ਲੀਟਰ ਪਾਣੀ ਵਿੱਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨ ਖੇਤਾਂ ਵਿੱਚ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਨ ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਆਪਣੇ ਨਜ਼ਦੀਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਬਲਾਕ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕਿਸਾਨ ਵੀਰੋ !

# ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।





# ਛੋਲਿਆਂ ਦੀ ਸੁਚੱਜੀ ਕਾਸ਼ਤ ਲਈ ਜ਼ਰੂਰੀ ਨੁਕਤੇ

ਤੇਜਬੀਰ ਸਿੰਘ ਬੁੱਟਰ, ਨਵਨੀਤ ਕੌਰ ਅਤੇ ਗੁਰਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋਬਾਈਲ 96460-00730)

ਪੰਜਾਬ ਵਿਚ ਛੋਲੇ ਹਾੜ੍ਹੀ ਦੀਆਂ ਦਾਲਾਂ ਦੀ ਮਹੱਤਵਪੂਰਨ ਫਸਲ ਹੈ । ਅੰਤ ਦੀ ਸਰਦੀ ਅਤੇ ਕੋਰਾ ਇਸਦਾ ਨੁਕਸਾਨ ਕਰਦੇ ਹਨ । ਇਸ ਫਸਲ ਘੱਟ ਬਾਰਿਸ਼ ਵਾਲੇ ਇਲਾਕਿਆਂ ਲਈ ਅਨੁਕੂਲ ਹੈ ਪਰ ਸੇਜੂ ਹਾਲਾਤਾਂ ਵਿਚ ਵੀ ਚੰਗੀ ਹੋ ਜਾਂਦੀ ਹੈ ।

**ਜ਼ਮੀਨ ਦੀ ਤਿਆਰੀ** : ਛੋਲਿਆਂ ਲਈ ਚੰਗੇ ਜਲ ਨਿਕਾਸ ਵਾਲੀ ਰੇਤਲੀ ਜਾਂ ਹਲਕੀ ਭਲ ਵਾਲੀ ਜ਼ਮੀਨ ਢੁੱਕਵੀਂ ਹੈ । ਛੋਲਿਆਂ ਦੀ ਬਿਜਾਈ ਲਈ ਜ਼ਮੀਨ ਨੂੰ 9 ਇੰਚ ਤੱਕ ਡੂੰਘਾ ਵਾਹੋ । ਪੋਲੀਆਂ ਅਤੇ ਡੂੰਘੀਆਂ ਵਾਹੀਆਂ ਜ਼ਮੀਨਾਂ ਵਿਚ ਛੋਲਿਆਂ ਨੂੰ ਉਖੇੜਾ ਰੋਗ ਘੱਟ ਲੱਗਦਾ ਹੈ ।

**ਕਿਸਮ** : ਪੰਜਾਬ ਦੇ ਵੱਖ-ਵੱਖ ਇਲਾਕਿਆਂ ਲਈ ਕਿਸਮਾਂ ਹੇਠਾਂ ਦਿੱਤੀਆਂ ਗਈਆਂ ਹਨ । (ਸਾਰਣੀ)

| ਸਿਫਾਰਸ਼ ਕੀਤੇ ਇਲਾਕੇ | ਕਿਸਮ | ਝਾੜ (ਕੁਇੰਟਲ ਪ੍ਰਤੀ ਏਕੜ) |
|---|---|---|
| ਸਾਰੇ ਪ੍ਰਾਂਤ ਵਿਚ ਸਿੰਚਾਈ ਵਾਲੀਆਂ ਹਾਲਤਾਂ ਲਈ | ਪੀ ਬੀ ਜੀ 10<br>ਪੀ ਬੀ ਜੀ 7 | 8.6<br>8.0 |
| ਸਿੱਲ੍ਹ ਵਾਲੇ ਇਲਾਕਿਆਂ (ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ, ਸ਼ਹੀਦ ਭਗਤ ਸਿੰਘ ਨਗਰ, ਤਰਨਤਾਰਨ ਅਤੇ ਅੰਮ੍ਰਿਤਸਰ) ਵਿਚ ਸਿੰਚਾਈ ਵਾਲੇ ਹਾਲਾਤਾਂ ਲਈ | ਪੀ ਬੀ ਜੀ 5 | 6.8 |
| ਸਿੱਲ੍ਹ ਵਾਲੇ ਇਲਾਕਿਆਂ ਨੂੰ ਛੱਡ ਕੇ ਬਾਕੀ ਸਾਰੇ ਪ੍ਰਾਂਤ ਵਿਚ ਸਿੰਚਾਈ ਵਾਲੇ ਹਾਲਾਤਾਂ ਲਈ | ਪੀ ਬੀ ਜੀ 8<br>ਜੀ ਪੀ ਐਫ 2<br>ਐਲ 552 (ਕਾਬੁਲੀ ਛੋਲੇ) | 8.4<br>7.6<br>7.3 |
| ਸਿੱਲ੍ਹ ਵਾਲੇ ਇਲਾਕਿਆਂ ਨੂੰ ਛੱਡ ਕੇ ਬਾਕੀ ਸਾਰੇ ਪ੍ਰਾਂਤਾਂ ਵਿਚ ਬਰਾਨੀ ਹਾਲਾਤਾਂ ਲਈ | ਪੀ ਬੀ ਜੀ 4 | 7.8 |

**ਬਿਜਾਈ ਦਾ ਸਮਾਂ** : ਛੋਲਿਆਂ ਦੀ ਬਿਜਾਈ ਲਈ ਢੁੱਕਵਾਂ ਸਮਾਂ ਚੱਲ ਰਿਹਾ ਹੈ । ਛੋਲਿਆਂ ਵਿਚ ਬਿਜਾਈ ਦਾ ਸਮਾਂ ਝਾੜ ਤੇ ਸਿੱਧਾ ਅਸਰ ਪਾਉਂਦਾ ਹੈ । ਅਗੇਤੀ ਬਿਜਾਈ ਵਿਚ ਤਾਪਮਾਨ ਜ਼ਿਆਦਾ ਹੋਣ ਕਰਕੇ ਉਖੇੜਾ ਰੋਗ ਲੱਗਣ ਦਾ ਡਰ ਰਹਿੰਦਾ ਹੈ ਅਤੇ ਪਿਛੇਤੀ ਬਿਜਾਈ ਵਿਚ ਬੂਟੇ ਦਾ ਸਹੀ ਵਾਧਾ ਵਿਕਾਸ ਨਾ ਹੋਣ ਕਰਕੇ ਝਾੜ ਘੱਟ ਨਿਕਲਦਾ ਹੈ ।

**ਬੀਜ ਦੀ ਮਾਤਰਾ** : ਪੀ ਬੀ ਜੀ 10 ਕਿਸਮ ਲਈ 20 ਕਿਲੋ ਬੀਜ ਪ੍ਰਤੀ ਏਕੜ, ਪੀ ਬੀ ਜੀ 5 ਕਿਸਮ ਲਈ 24 ਕਿਲੋ ਬੀਜ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 15-18 ਕਿਲੋ ਬੀਜ ਪ੍ਰਤੀ ਏਕੜ ਵਰਤੋ । ਕਾਬੁਲੀ ਛੋਲਿਆਂ ਲਈ 37 ਕਿਲੋ ਬੀਜ ਪ੍ਰਤੀ ਏਕੜ ਵਰਤੋ ।

ਛੋਲਿਆਂ ਦੀ ਬਿਜਾਈ ਲਈ ਸਿਆੜ ਤੋਂ ਸਿਆੜ ਦਾ ਫਾਸਲਾ 30 ਸੈਂਟੀਮੀਟਰ ਰੱਖੋ ਅਤੇ ਬੀਜ ਨੂੰ 10-12.5 ਸੈਂਟੀਮੀਟਰ ਡੂੰਘਾ ਬੀਜੋ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਛੋਲਿਆਂ ਦੀ ਬਿਜਾਈ 67.5 ਸੈਂਟੀਮੀਟਰ ਵਿੱਥ ਤੇ ਤਿਆਰ ਕੀਤੇ ਬੈਂਡਾਂ ਤੇ ਬੈਂਡ ਪਲਾਂਟਰ ਨਾਲ ਕੀਤੀ ਜਾ ਸਕਦੀ ਹੈ ।

**ਜੀਵਾਣੂ ਖਾਦ ਦਾ ਟੀਕਾ** : ਇਕ ਏਕੜ ਬੀਜ ਘੱਟੋ-ਘੱਟ ਪਾਣੀ ਨਾਲ ਗਿੱਲਾ ਕਰਕੇ ਮੀਜ਼ੋਰਾਈਜ਼ੋਬੀਅਮ ਅਤੇ ਰਾਈਜ਼ੋਬੈਕਟੀਰੀਅਮ ਜੀਵਾਣੂ ਖਾਦ ਦੇ ਇਕ-ਇਕ ਪੈਕਟ ਨਾਲ ਚੰਗੀ ਤਰ੍ਹਾਂ ਮਿਲਾ ਲਓ । ਬਾਅਦ ਵਿਚ ਛਾਵੇਂ ਸੁਕਾ ਕੇ ਇਕ ਘੰਟੇ ਅੰਦਰ ਬੀਜ ਦਿਓ । ਇਹ ਟੀਕਾ ਪੀ.ਏ.ਯੂ. ਕੈਂਪਸ (ਲੁਧਿਆਣਾ), ਵੱਖ-ਵੱਖ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।

**ਖਾਦ-ਖੁਰਾਕ** : ਦੇਸੀ ਛੋਲਿਆਂ ਨੂੰ ਬਿਜਾਈ ਸਮੇਂ 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਬਿਜਾਈ ਸਮੇਂ ਪਾ ਦਿਓ । ਕਾਬੁਲੀ ਛੋਲਿਆਂ ਨੂੰ ਬਿਜਾਈ ਸਮੇਂ 13 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਬਿਜਾਈ ਸਮੇਂ ਪਾ ਦਿਓ ।

**ਸਿੰਚਾਈ** : ਬਿਜਾਈ ਤੋਂ ਪਹਿਲਾਂ ਫਸਲ ਨੂੰ ਭਰਵੀਂ ਰੌਣੀ ਕਰੋ ਅਤੇ ਅਗਲਾ ਪਾਣੀ ਬਿਜਾਈ ਦੇ ਸਮੇਂ ਅਤੇ ਮੌਸਮ ਦੇ ਹਿਸਾਬ ਨਾਲ ਅੱਧ ਦਸੰਬਰ ਤੋਂ ਅੰਤ ਜਨਵਰੀ ਤੱਕ ਦੇਣਾ ਚਾਹੀਦਾ ਹੈ ।



**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ ਇਕ ਤੋਂ ਦੋ ਗੋਡੀਆਂ ਕਾਫੀ ਹਨ । ਪਹਿਲੀ ਗੋਡੀ ਬਿਜਾਈ ਤੋਂ 30 ਅਤੇ ਦੂਜੀ ਗੋਡੀ 60 ਦਿਨ ਬਾਅਦ ਕਰੋ ।



# ਖੁੰਬ ਦੀ ਪ੍ਰੋਸੈਸਿੰਗ ਅੱਜ ਦੀ ਲੋੜ

ਡਾ. ਸੁਖਰਾਜ ਕੌਰ ਦਿਓਲ
ਕੰਵਰਪ੍ਰੀਤ ਸਿੰਘ
ਮੋਬਾਈਲ 79867-69132

ਪੰਜਾਬ 'ਚ ਖੁੰਬਾਂ ਦੀ ਖੇਤੀ ਨੂੰ ਲਾਹੇਵੰਦ ਧੰਦਾ ਜਾਂ ਅਗਾਂਹਵਧੂ ਸ਼੍ਰੇਣੀ 'ਚ ਰੱਖਿਆ ਜਾਂਦਾ ਹੈ । ਆਮ ਫਸਲਾਂ ਨਾਲੋਂ ਇਸ 'ਚ ਕਮਾਈ ਵੀ ਜ਼ਿਆਦਾ ਹੈ ਅਤੇ ਇਸ ਨੂੰ ਜਗ੍ਹਾ ਵੀ ਥੋੜ੍ਹੀ ਚਾਹੀਦੀ ਹੈ, ਜਿਸ ਕਾਰਨ ਇਹ ਖੇਤੀ ਸਾਰਿਆਂ ਲਈ ਖਿੱਚ ਦਾ ਕਾਰਨ ਵੀ ਹੈ ਪਰ ਇਕ ਸਬਜ਼ੀ ਹੋਣ ਨਾਤੇ ਇਸ ਦਾ ਮੁੱਲ ਬਾਜ਼ਾਰ ਦੀ ਮੰਗ 'ਤੇ ਹੀ ਨਿਰਭਰ ਕਰਦਾ ਹੈ । ਬਾਜ਼ਾਰ 'ਚ ਮੰਗ ਤੋਂ ਜ਼ਿਆਦਾ ਖੁੰਬ ਆਉਣ ਨਾਲ ਇਸ ਦਾ ਮੁੱਲ ਡਿੱਗ ਜਾਣਾ, ਆਮ ਦੇਖਣ ਨੂੰ ਮਿਲਦਾ ਹੈ । ਖੁੰਬ ਕਈ ਤਰ੍ਹਾਂ ਦੀ ਹੁੰਦੀ ਹੈ, ਪਰ ਪੰਜਾਬ 'ਚ ਬਟਨ ਖੁੰਬ ਦੀ ਹੀ ਖੇਤੀ ਜ਼ਿਆਦਾ ਪ੍ਰਚੱਲਿਤ ਹੈ । ਬਟਨ ਖੁੰਬ ਸਰਦੀ ਦੀ ਫਸਲ ਹੈ, ਜੋ ਆਮ ਤੌਰ 'ਤੇ ਬਾਂਸ ਦੀਆਂ ਝੌਂਪੜੀ 'ਚ ਉਗਾਈ ਜਾਂਦੀ ਹੈ । ਸਾਰੇ ਸਾਲ ਇਸ ਦੀ ਉਪਰ ਲਈ ਏ.ਸੀ. ਯੂਨਿਟ ਲਗਾਏ ਜਾਂਦੇ ਹਨ । ਸਰਦੀ 'ਚ ਬਟਨ ਦੀ ਖੇਤੀ ਬਹੁਤ ਵੱਡੇ ਪੱਧਰ 'ਤੇ ਹੁੰਦੀ ਹੈ, ਜੋ ਇਸ ਲਈ ਢੁੱਕਵਾਂ ਸਮਾਂ ਹੁੰਦਾ ਹੈ । ਪੰਜਾਬ 'ਚ ਉਸ ਸਮੇਂ ਵਿਆਹ ਦਾ ਮੌਸਮ ਹੋਣ ਕਰਕੇ ਇਸ ਦੀ ਖਪਤ ਵੀ ਕਾਫੀ ਵਧ ਜਾਂਦੀ ਹੈ । ਪਿਛਲੇ ਸਾਲ ਪੰਜਾਬ 'ਚ ਖੁੰਬ ਦਾ ਰੁਝਾਨ ਬਹੁਤ ਵਧਿਆ ਹੈ, ਜੋ ਕਿ ਪੰਜਾਬ ਦੀ ਫਸਲੀ ਵਿਭਿੰਨਤਾ ਲਈ ਜ਼ਰੂਰੀ ਹੈ । ਪਰ ਇਸ ਨਾਲ ਖੁੰਬ ਦਾ ਮੁੱਲ ਕਾਫੀ ਡਿੱਗਿਆ ਹੈ । ਲੁਧਿਆਣਾ ਮੰਡੀ ਜੋ ਉੱਤਰੀ ਭਾਰਤ ਦੀ ਖੁੰਬ ਦੀ ਵੱਡੀ ਮੰਡੀ ਹੈ, ਉਸ 'ਚ ਘੱਟ ਤੋਂ ਘੱਟ ਰੇਟ 40-50 ਰੁਪਏ ਪ੍ਰਤੀ ਕਿਲੋ ਵੀ ਰਿਹਾ । ਇਹ ਰੇਟ ਖੁੰਬ ਦੀ ਲਾਗਤ ਮੁੱਲ ਨਾਲੋਂ ਵੀ ਘੱਟ ਸੀ । ਪਿਛਲਾ ਸਾਲ ਖੁੰਬ ਉਤਪਾਦਨ ਕਿਸਾਨਾਂ ਲਈ ਇੰਨਾ ਚੰਗਾ ਨਹੀਂ ਸੀ । ਇਸ ਲਈ ਅੱਜ ਦੇ ਸਮੇਂ ਦੀ ਲੋੜ ਸਿਰਫ ਫਸਲ ਉਤਪਾਦਨ ਕਰਨਾ ਹੀ ਨਹੀਂ, ਉਸ ਨੂੰ ਪ੍ਰੋਸੈੱਸ ਕਰ ਕੇ ਵਧੀਆ ਮੁੱਲ ਲੈਣਾ ਵੀ ਹੈ ।

ਖੁੰਬ ਦੀ ਪ੍ਰੋਸੈਸਿੰਗ ਦੇ ਕਈ ਤਰੀਕੇ ਹਨ । ਸਭ ਤੋਂ ਵੱਧ ਅਪਣਾਇਆ ਜਾਣ ਵਾਲਾ ਤਰੀਕਾ ਖੁੰਬ ਦੀ ਕੈਨਿੰਗ ਕਰਨਾ ਹੈ । ਕੈਨਿੰਗ ਖੁੰਬ ਦੀ ਸੰਭਾਲ ਕਰਨ ਦਾ ਇਕ ਤਰੀਕਾ ਹੈ, ਜਿਸ 'ਚ ਖੁੰਬ ਨੂੰ ਚੰਗੀ ਤਰ੍ਹਾਂ ਸਾਫ ਕਰਨ ਤੋਂ ਬਾਅਦ ਪਹਿਲਾਂ ਉਬਾਲ ਕੇ ਫਿਰ ਲੂਣ ਵਾਲੇ ਪਾਣੀ ਨਾਲ ਕੈਨ (ਸਟੀਲ ਦੇ ਡੱਬਿਆਂ) 'ਚ ਭਰ ਦਿੱਤਾ ਜਾਂਦਾ ਹੈ । ਸੂਖਮ ਜੀਵਾਂ ਨੂੰ ਨਸ਼ਟ ਕਰਨ ਲਈ ਕੈਨ 'ਚ ਖੁੰਬ ਨੂੰ ਦਬਾਅ ਥੱਲੇ ਗਰਮ ਕੀਤਾ ਜਾਂਦਾ ਹੈ । ਇਸ ਨਾਲ ਖੁੰਬ 6 ਮਹੀਨੇ ਤੋਂ ਸਾਲ ਤੱਕ ਰੱਖੀ ਜਾ ਸਕਦੀ ਹੈ । ਜਦੋਂ ਵੀ ਬਾਜ਼ਾਰ 'ਚ ਮੁੱਲ ਵਧੀਆ ਮਿਲੇ ਤਾਂ ਇਸ ਨੂੰ ਵੇਚਿਆ ਜਾ ਸਕਦਾ ਹੈ । ਕੈਨ ਕੀਤੀ ਖੁੰਬ ਨੂੰ ਬਰਾਮਦ (ਐਕਸਪੋਰਟ) ਕਰ ਕੇ ਬਾਹਰਲੇ ਦੇਸ਼ਾਂ 'ਚ ਵੀ ਭੇਜਿਆ ਜਾ ਸਕਦਾ ਹੈ । ਦੂਜਾ ਖੁੰਬ ਦਾ ਆਚਾਰ ਬਣਾਉਣਾ ਵੀ ਬਹੁਤ ਵਧੀਆ ਉਪਰਾਲਾ ਹੈ । ਆਚਾਰ ਨਾਲ ਨਾ ਸਿਰਫ ਖੁੰਬ ਦੀ ਮਿਆਦ 'ਚ ਵਾਧਾ ਹੁੰਦਾ ਹੈ, ਨਾਲ ਦੀ ਨਾਲ ਇਸ ਦਾ ਸਵਾਦ ਪਹਿਲਾਂ ਨਾਲੋਂ ਵੀ ਵੱਧ ਜਾਂਦਾ ਹੈ । ਆਚਾਰ ਬਣਾਉਣ 'ਚ ਖੁੰਬ ਨੂੰ ਥੋੜ੍ਹਾ ਸਮਾਂ ਉਬਾਲ ਕੇ ਰਾਤ ਭਰ ਲਈ 10 ਫੀਸਦੀ ਲੂਣ ਵਾਲੇ ਪਾਣੀ 'ਚ ਰੱਖਿਆ ਜਾਂਦਾ ਹੈ । ਇਸ ਨਾਲ ਖੁੰਬ 'ਚੋਂ ਵਾਧੂ ਪਾਣੀ ਨਿਕਲ ਜਾਂਦਾ ਹੈ । ਇਸ ਤੋਂ ਬਾਅਦ ਬਾਕੀ ਆਚਾਰ ਵਾਂਗ ਆਪਣੇ ਸਵਾਦ ਅਨੁਸਾਰ ਮਸਾਲੇ ਪਾ ਕੇ ਆਚਾਰ ਬਣਾਇਆ ਜਾ ਸਕਦਾ ਹੈ । ਤੀਸਰਾ ਤਰੀਕਾ, ਖੁੰਬਾਂ ਦੀ ਕੁਦਰਤੀ ਜਾਂ ਗੈਰ-ਕੁਦਰਤੀ ਤਰੀਕੇ ਨਾਲ ਸੁਕਾ ਕੇ ਇਸ ਦਾ ਪਾਉਡਰ ਬਣਾਇਆ ਜਾ ਸਕਦਾ ਹੈ । ਯੂ.ਵੀ.ਟ੍ਰੀਟਡ ਵਿਟਾਮਿਨ ਡੀ ਭਰਪੂਰ ਖੁੰਬ ਦਾ ਪਾਉਡਰ ਬਣਾ ਕੇ ਵੇਚਣਾ ਵੀ ਅੱਜਕਲ੍ਹ ਪ੍ਰਚੱਲਿਤ ਹੋ ਰਿਹਾ ਹੈ । ਇਸ ਤੋਂ ਬਿਨਾਂ ਖੁੰਬ ਦਾ ਮੁਰੱਬਾ ਜਾਂ ਕੈਂਡੀ ਵੀ ਬਣਾਈ ਜਾ ਸਕਦੀ ਹੈ । ਖੁੰਬਾਂ ਦੀ ਪ੍ਰੋਸੈਸਿੰਗ ਪਾਸੇ ਮੁੜ ਕੇ ਹੀ ਇਸ ਕਿੱਤੇ ਨੂੰ ਸਦਾ ਲਈ ਮੁਨਾਫੇ ਯੋਗ ਬਣਾਇਆ ਜਾ ਸਕਦਾ ਹੈ । ਇਸ ਦੇ ਨਾਲ ਹੀ ਬਾਜ਼ਾਰ 'ਚ ਖੁੰਬ ਦੀ ਆਮਦ ਤੇ ਮੰਗ 'ਚ ਸੰਤੁਲਨ ਬਣਾਇਆ ਜਾਵੇਗਾ । ਸਵੈਇੱਛਕ ਕਿਸਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ 'ਚ ਖੁੰਬਾਂ ਦੀ ਸਿਖਲਾਈ (ਟ੍ਰੇਨਿੰਗ) ਜੋ ਸਾਲ 'ਚ 2 ਵਾਰ ਲਗਦੀ ਹੈ, ਉਸ 'ਚ ਭਾਗ ਲੈ ਕੇ ਆਪਣੀ ਜਾਣਕਾਰੀ ਵਧਾ ਸਕਦੇ ਹਨ । ਇਸ ਦੇ ਨਾਲ ਹੀ ਖਪਤਕਾਰਾਂ ਨੂੰ ਵੀ ਇਸ ਬਾਰੇ ਜਾਣਕਾਰੀ ਦੇਣ ਲਈ ਸਭ ਨੂੰ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਦੇਣ ਲਈ ਸਭ ਤੋਂ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ । ਸਰਕਾਰ ਦੀ ਪੰਜਾਬ ਐਗਰੋ ਤੇ ਹੋਰ ਪ੍ਰਾਈਵੇਟ ਕੰਪਨੀਆਂ ਵੀ ਇਸ 'ਚ ਕੰਮ ਕਰ ਕੇ ਖੁਦ ਮੁਨਾਫਾ ਕਮਾ ਸਕਦੀਆਂ ਹਨ । ਇਸ ਦੇ ਨਾਲ ਕਿਸਾਨਾਂ ਨੂੰ ਵੀ ਖੁੰਬ ਦਾ ਸਹੀ ਮੁੱਲ ਮਿਲ ਸਕਦਾ ਹੈ ।



# ਮਲਚਿੰਗ ਤਕਨੀਕ ਨਾਲ ਕਣਕ ਦੀ ਕਰੋ ਸਸਤੀ ਤੇ ਸੌਖੀ ਬਿਜਾਈ

**ਪਿਛਲੇ ਕੁਝ ਸਾਲਾਂ ਤੋਂ ਕਿਸਾਨਾਂ ਵੱਲੋਂ ਬਗੈਰ ਪਰਾਲੀ ਨੂੰ ਅੱਗ ਲਾਏ ਅਤੇ ਖੇਤ ਨੂੰ ਵਾਹੁਣ ਤੋਂ ਬਿਨਾਂ ਕਣਕ ਦੀ ਬਿਜਾਈ ਕੀਤੀ ਜਾ ਰਹੀ ਹੈ, ਕਿਸਾਨ ਇਸ ਨੂੰ ਮਲਚਿੰਗ ਵਿਧੀ ਕਹਿੰਦੇ ਹਨ...**



ਡਾ. ਅਮਰੀਕ ਸਿੰਘ

ਮਿੱਟੀ ਦੀ ਸਿਹਤ ਸੁਧਾਰਨ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਸਾੜਨ ਜਾਂ ਹਟਾਉਣ ਦੀ ਬਜਾਏ, ਖੇਤਾਂ ਵਿੱਚ ਮਿਲਾ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਣ ਹੋਣ ਤੋਂ ਬਚਦਾ ਹੈ, ਉੱਥੇ ਮਿੱਟੀ ਵਿੱਚ ਜੈਵਿਕ ਮਾਦਾ ਵਧਣ ਕਾਰਨ ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਪਿਛਲੇ ਕੁਝ ਸਾਲਾਂ ਤੋਂ ਕਿਸਾਨਾਂ ਵੱਲੋਂ ਬਗੈਰ ਪਰਾਲੀ ਨੂੰ ਅੱਗ ਲਗਾਏ ਅਤੇ ਖੇਤ ਨੂੰ ਵਾਹੁਣ ਤੋਂ ਬਿਨਾਂ ਕਣਕ ਦੀ ਬਿਜਾਈ ਕੀਤੀ ਜਾ ਰਹੀ ਹੈ, ਕੁਝ ਕਿਸਾਨ ਇਸ ਵਿਧੀ ਨੂੰ ਮਲਚਿੰਗ ਵਿਧੀ ਵੀ ਕਹਿੰਦੇ ਹਨ।

ਇਹ ਇੱਕ ਖੇਤ ਵਿੱਚੋਂ ਹਟਾਉਣ, ਖੇਤ ਨੂੰ ਵਾਹੁਣ ਅਤੇ ਭਾਰੀ ਮਸ਼ੀਨਰੀ ਜਿਵੇਂ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਬੀਜ ਡਰਿੱਲ, ਵੱਡੇ ਟਰੈਕਟਰ ਆਦਿ ਦੀ ਵਰਤੋਂ ਕਰਨ ਬਗੈਰ ਇਹ ਕਣਕ ਬੀਜਣ ਦੀ ਅਜਿਹੀ ਵਿਧੀ ਹੈ, ਜਿਸ ਨਾਲ ਸਮੇਂ ਸਿਰ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਹ ਇੱਕ ਕਣਕ ਦੀ ਬਿਜਾਈ ਦੀ ਸਸਤੀ ਅਤੇ ਬਿਹਤਰ ਤਕਨੀਕ ਹੈ। ਇਸ ਲਈ ਜ਼ਿਆਦਾ ਮਹਿੰਗੀਆਂ ਅਤੇ ਭਾਰੀਆਂ ਮਸ਼ੀਨਾਂ ਦੀ ਲੋੜ ਨਹੀਂ ਪੈਂਦੀ ਅਤੇ ਬਿਜਾਈ ਉਪਰੰਤ ਖੇਤ ਵਿੱਚ ਫ਼ਸਲੀ ਰਹਿੰਦ-ਖੂੰਹਦ ਪਈ ਹੋਣ ਕਰਕੇ ਨਦੀਨ ਵੀ ਬਹੁਤ ਘੱਟ ਉੱਗਦੇ ਹਨ।

ਨਦੀਨ ਘੱਟ ਉੱਗਣ ਕਾਰਨ ਨਦੀਨ-ਨਾਸ਼ਕ ਦੇ ਛਿੜਕਾਅ ਦੀ ਜ਼ਰੂਰਤ ਵੀ ਨਹੀਂ ਰਹਿੰਦੀ। ਇਸ ਤਕਨੀਕ ਵਿੱਚ ਕੰਬਾਈਨ ਨਾਲ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਬੀਜ ਅਤੇ 45 ਕਿਲੋ ਡਾਇਆ ਖਾਦ ਦਾ ਇਕਸਾਰ ਛੱਟਾ ਦੇ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਖੜ੍ਹੇ ਕਰਚਿਆਂ ਵਿੱਚ ਬੀਜ ਅਤੇ ਫਾਸਫੇਟਕ ਖਾਦ ਦਾ ਛੱਟਾ ਦੇਣ ਉਪਰੰਤ ਮਲਚਰ ਜਾਂ ਕਟਰ ਕਮ ਸਪਰੈਡਰ ਨਾਲ ਪਰਾਲੀ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟ ਕੇ ਇਕਸਾਰ ਖਿਲਾਰ ਦੇਣਾ ਚਾਹੀਦਾ ਹੈ ਤਾਂ ਜੋ ਕਣਕ ਸਹੀ ਤਰ੍ਹਾਂ ਉੱਗ ਸਕੇ। ਇਸ ਤੋਂ ਇਲਾਵਾ ਮੁੱਢ ਕੱਟਣ ਵਾਲੇ ਰੀਪਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਖੇਤ ਵਿੱਚ ਪਰਾਲੀ ਇਕਸਾਰ ਖਿੱਲਰ ਜਾਵੇ। ਜੇਕਰ ਖੇਤ ਵਿੱਚ ਵੱਤਰ ਜ਼ਿਆਦਾ ਹੈ ਤਾਂ ਪਾਣੀ ਲਗਾਉਣ ਦੀ ਜ਼ਰੂਰਤ ਨਹੀਂ, ਕਿਉਂਕਿ ਰਾਤ ਨੂੰ ਤਰੇਲ ਪੈਣ ਨਾਲ ਬੀਜ ਉੱਪਰ ਪਈ ਪਰਾਲੀ ਵਿੱਚ ਕਾਫੀ ਨਮੀ ਹੋ ਜਾਂਦੀ ਹੈ, ਜੋ ਬੀਜ ਉੱਗਣ ਵਿੱਚ ਸਹਾਈ ਹੁੰਦੀ ਹੈ। ਮਲਚਿੰਗ ਤਕਨੀਕ ਨਾਲ ਕਣਕ ਦੀ ਬਿਜਾਈ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਰਫੇਸ ਸੀਡਰ ਨਾਮ ਦੀ ਇੱਕ ਮਸ਼ੀਨ ਵੀ ਵਿਕਸਿਤ ਕੀਤੀ ਗਈ, ਜਿਸ 'ਤੇ ਪੰਜਾਬ ਸਰਕਾਰ ਵੱਲੋਂ 40,000 ਤੋਂ 64,000 ਰੁਪਏ ਤੱਕ ਸਬਸਿਡੀ ਵੀ ਦਿੱਤੀ ਜਾ ਰਹੀ ਹੈ।

### ਕਣਕ ਦੀ ਬਿਜਾਈ

ਇਹ ਮਸ਼ੀਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਵਿਕਸਿਤ ਕੀਤੀ ਗਈ ਹੈ, ਜੋ ਆਮ ਮਸ਼ੀਨਾਂ ਨਾਲੋਂ ਸਸਤੀ ਅਤੇ ਸਧਾਰਨ ਮਸ਼ੀਨ ਹੈ, ਜਿਸ ਵਿੱਚ ਸੁਧਰੇ ਹੋਏ ਕਟਰ-ਕਮ-ਸਪਰੈਡਰ ਦੇ ਉੱਪਰ (ਬਿਨਾਂ ਫਾਲਿਆਂ ਤੋਂ) ਬਿਜਾਈ ਵਾਲੀ ਡਰਿੱਲ ਦਾ ਉਪਰਲਾ ਹਿੱਸਾ ਪਾਈਪਾਂ ਸਮੇਤ ਫਿੱਟ ਕੀਤਾ ਗਿਆ ਹੈ, ਜੋ ਬੀਜ ਅਤੇ ਖਾਦ ਕੇਰਨ ਦੇ ਨਾਲੋਂ-ਨਾਲ ਪਰਾਲੀ ਨੂੰ ਕੱਟ ਕੇ ਖੇਤ ਵਿੱਚ ਇਕਸਾਰ ਖਿਲਾਰ ਦਿੰਦੀ ਹੈ ਅਤੇ ਬਾਅਦ ਵਿੱਚ ਪਾਣੀ ਲਗਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕੰਬਾਈਨ ਹਾਰਵੈਸਟਰ ਦੇ ਉੱਪਰ ਵੀ ਇੱਕ ਅਟੈਚਮੈਂਟ ਫਿੱਟ ਕੀਤੀ ਗਈ ਹੈ, ਜੋ ਕਿ ਝੋਨੇ ਦੀ ਵਾਢੀ ਦੇ ਨਾਲੋਂ-ਨਾਲ ਬੀਜ ਤੇ ਖਾਦ ਇਕਸਾਰ ਕੇਰ ਦਿੰਦੀ ਹੈ।

ਜੇਕਰ ਇਹ ਮਸ਼ੀਨਾਂ ਉਪਲੱਬਧ ਨਾ ਹੋਣ ਤਾਂ ਕੰਬਾਈਨ ਨਾਲ ਝੋਨੇ ਦੀ ਵਾਢੀ ਤੋਂ ਬਾਅਦ ਕਣਕ ਦੇ ਬੀਜ ਅਤੇ ਖਾਦ ਦਾ ਹੱਥੀਂ ਛੱਟਾ ਮਾਰ ਕੇ ਬਾਅਦ ਵਿੱਚ ਕਟਰ-ਕਮ-ਸਪਰੈਡਰ ਚਲਾ ਕੇ ਪਾਣੀ ਲਾ ਦਿੱਤਾ ਜਾਂਦਾ ਹੈ। ਇਸ ਤਕਨੀਕ ਦੀ ਪੂਰਨ ਸਫਲਤਾ ਲਈ ਝੋਨੇ ਦੇ ਖੇਤ ਨੂੰ ਬਿਜਾਈ/ਲੁਆਈ ਤੋਂ ਪਹਿਲਾਂ ਪੱਧਰਾ ਕਰਕੇ ਛੋਟੇ ਕਿਆਰੇ ਬਣਾਓ ਅਤੇ ਅਖੀਰਲਾ ਪਾਣੀ ਕੱਦੂ ਕਰਕੇ ਲਾਏ ਝੋਨੇ ਦੀ ਵਾਢੀ ਤੋਂ 15 ਦਿਨ ਪਹਿਲਾਂ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਨੂੰ 10 ਦਿਨ ਪਹਿਲਾਂ ਦਿਉ, ਤਾਂ ਕਿ ਝੋਨੇ ਦੀ ਕੰਬਾਈਨ ਨਾਲ ਵਾਢੀ ਕਰਨ ਅਤੇ ਕਣਕ ਦੀ ਬਿਜਾਈ ਸਮੇਂ ਖੇਤ ਸੁੱਕਾ ਹੋਵੇ। ਸੋ ਉਕਤ ਤਕਨੀਕ ਦੀ ਵਰਤੋਂ ਕਰਨ ਨਾਲ ਕਿਸਾਨਾਂ ਨੂੰ ਕਾਫੀ ਫਾਇਦਾ ਮਿਲ ਸਕਦਾ ਹੈ।

### ਸਰਫੇਸ ਸੀਡਰ ਮਸ਼ੀਨ ਦੀਆਂ ਵਿਸ਼ੇਸ਼ਤਾਵਾਂ



- ★ ਇਹ ਪਰਾਲੀ ਨੂੰ ਖੇਤ ਵਿੱਚ ਸਾਂਭਣ ਦਾ ਸੌਖਾ ਅਤੇ ਸਸਤਾ ਤਰੀਕਾ ਹੈ।
- ★ ਝੋਨੇ ਦੀ ਕਟਾਈ ਤੋਂ ਅਗਲੇ ਹੀ ਦਿਨ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ।
- ★ ਇਹ ਮਸ਼ੀਨ 45 ਹਾਰਸ ਪਾਵਰ ਟਰੈਕਟਰ ਨਾਲ ਚੱਲ ਸਕਦੀ ਹੈ। ਇਹ ਮਸ਼ੀਨ 700-800 ਰੁਪਏ ਵਿੱਚ ਇੱਕ ਏਕੜ ਦੀ ਬਿਜਾਈ ਕਰ ਦਿੰਦੀ ਹੈ ਅਤੇ 45-50 ਮਿੰਟ ਵਿੱਚ ਇੱਕ ਏਕੜ ਦੀ ਬਿਜਾਈ ਕਰ ਦਿੰਦੀ ਹੈ।
- ★ ਇਸ ਤਕਨੀਕ ਨਾਲ 14-16 ਏਕੜ ਇੱਕ ਦਿਨ ਵਿੱਚ ਬੀਜੇ ਜਾ ਸਕਦੇ ਹਨ। ਜਦੋਂਕਿ ਸੁਪਰ ਸੀਡਰ ਨਾਲ 5-8 ਏਕੜ ਪ੍ਰਤੀ ਦਿਨ ਬਿਜਾਈ ਕੀਤੀ ਜਾ ਸਕਦੀ ਹੈ।
- ★ ਕਈ ਸਾਲ ਲਗਾਤਾਰ ਪਰਾਲੀ ਨੂੰ ਖੇਤ ਵਿੱਚ ਹੀ ਰੱਖਣ ਨਾਲ ਖੇਤ ਦੀ ਆਰਗੈਨਿਕ ਕਾਰਬਨ ਵਿੱਚ ਵਾਧਾ ਤਾਂ ਹੁੰਦਾ ਹੀ ਹੈ, ਇਸ ਦੇ ਨਾਲ ਹੀ ਨਾਈਟਰੋਜਨ ਅਤੇ ਫਾਸਫੋਰਸ ਤੱਤ ਵੀ ਜ਼ਮੀਨ ਵਿੱਚ ਘੱਟ ਪਾਉਣ ਨਾਲ ਬਰਾਬਰ ਝਾੜ ਪ੍ਰਾਪਤ ਹੁੰਦਾ ਹੈ। ਇਸ ਨਾਲ ਖੇਤੀ ਖਰਚੇ ਘੱਟਣ ਦੇ ਨਾਲ-ਨਾਲ ਮਿੱਟੀ ਅਤੇ ਵਾਤਾਵਰਨ ਹਵਾ ਪ੍ਰਦੂਸ਼ਣ ਵੀ ਘੱਟਦਾ ਹੈ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 47**
**ਮਿਤੀ 23-11-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।


Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਵਧਦਾ ਵਾਤਾਵਰਨ ਸੰਕਟ ਪਰਲੋ ਨੂੰ ਸੱਦਾ

**ਅਵਿਜੀਤ ਪਾਠਕ**

ਮੈਂ ਕਾਰ ਖਰੀਦਣ ਦੀ ਆਪਣੀ ਖਾਹਿਸ਼ ਦੱਬ ਲਈ ਹੈ ਤੇ ਹੁਣ ਕਦੇ ਮੈਂ ਬਾਹਰ ਜਾਂਦਾ ਹਾਂ ਤਾਂ ਆਪਣੇ ਆਪ ਨੂੰ ਸ਼ਾਬਾਸ਼ ਦਿੰਦਾ ਰਹਿੰਦਾ ਹਾਂ। ਮੈਂ ਤੁਰਨ ਫਿਰਨ ਦਾ ਸ਼ੁਕੀਨ ਹਾਂ ਅਤੇ ਇਹ ਦੇਖ ਕੇ ਮੈਨੂੰ ਚੰਗਾ ਅਹਿਸਾਸ ਹੁੰਦਾ ਹੈ ਕਿ ਮੇਰੇ ਇਸ ਸਾਧਾਰਨ ਜਿਹੇ ਕਦਮ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕੋਈ ਵਾਧਾ ਨਹੀਂ ਹੁੰਦਾ ਤੇ ਇੰਝ ਜਲਵਾਯੂ ਐਮਰਜੈਂਸੀ ਵਰਗੇ ਹਾਲਾਤ ਨਾਲ ਸਿੱਝਣ ਵਿਚ ਮੇਰਾ



ਵੀ ਮਾਮੂਲੀ ਜਿਹਾ ਯੋਗਦਾਨ ਪੈਂਦਾ ਹੈ। ਉਂਝ, ਕਈ ਲੋਕਾਂ ਵਲੋਂ ਮੇਰੇ ਵਰਗੇ ਰਾਹਗੀਰਾਂ ਨੂੰ ਅੜਿਕਾ ਸਮਝਿਆ ਜਾਂਦਾ ਹੈ। ਆਖਿਰਕਾਰ, ਇੰਝ ਜਾਪਦਾ ਹੈ ਜਿਵੇਂ ਸਾਡੇ ਸਾਰੇ ਰਾਜਮਾਰਗ, ਲੇਨਾਂ ਬਾਇਲੇਨਾ ਸਿਰਫ ਕਾਰਾਂ, ਮੋਟਰਬਾਇਕਾਂ ਤੇ ਹੋਰਨਾਂ ਵਾਹਨਾਂ ਲਈ ਬਣੇ ਹਨ। ਕੋਈ ਹੈਰਤ ਦੀ ਗੱਲ ਨਹੀਂ ਕਿ ਸੜਕ 'ਤੇ ਸ਼ਾਂਤੀ ਨਾਲ ਤੁਰਨਾ ਜਾਂ ਸੜਕ ਪਾਰ ਕਰਨੀ ਬੇਹੱਦ ਖਤਰਨਾਕ ਕੰਮ ਬਣ ਰਿਹਾ ਹੈ। ਇਸ ਵਿਰੋਧਾਭਾਸ ਨੂੰ ਦੇਖੋ : ਜੇ ਤੁਸੀਂ ਕਾਰਬਨ ਗੈਸਾ ਦੀ ਨਿਕਾਸੀ ਘਟਾਉਣ ਵਿਚ ਥੋੜ੍ਹਾ ਜਿਹਾ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਤੁਸੀਂ ਕੰਮ ਦੇ ਨਹੀਂ ਹੋ! ਹਾਲਾਂਕਿ ਸਾਇੰਸਦਾਨ ਅਤੇ ਵਾਤਾਵਰਨਵਾਦੀ ਸਾਨੂੰ ਵਾਰ-ਵਾਰ ਚੇਤਾ ਕਰਾ ਰਹੇ ਹਨ ਕਿ ਅੰਨ੍ਹੇਵਾਹ ਪੈਟਰੋਲ/ਡੀਜ਼ਲ ਫੂਕਣ ਕਰ ਕੇ ਦੁਨੀਆਂ ਲਈ ਜਲਵਾਯੂ ਐਮਰਜੈਂਸੀ ਜਿਹੇ ਹਾਲਾਤ ਪੈਦਾ ਹੋ ਗਏ ਹਨ ਪਰ ਅਸੀਂ ਦਰਖਤਾਂ ਦਾ ਵਢਾਂਗਾ ਕਰਨ, ਮੈਗਾ ਐਕਸਪ੍ਰੈਸਵੇਜ਼ ਉਸਾਰਨ, ਰਫਤਾਰ ਅਤੇ ਆਵਾਜਾਈ ਨੂੰ ਵਡਿਆਉਣ, ਵੱਡੀਆਂ ਤੋਂ ਵੱਡੀਆਂ ਕਾਰਾਂ ਖਰੀਦਣ ਤੋਂ ਬਾਜ਼ ਨਹੀਂ ਆ ਰਹੇ ਅਤੇ ਕਸਬਿਆਂ ਤੇ ਸ਼ਹਿਰਾਂ ਦਾ ਡਿਜ਼ਾਈਨ ਕੁਝ ਇਸ ਢੰਗ ਨਾਲ ਕਰਦੇ ਹਾਂ ਕਿ ਪੈਦਲ ਚੱਲਣਾ ਜਾਂ ਸਾਇਕਲਿੰਗ ਲਗਭਗ ਅਸੰਭਵ ਹੋ ਗਈ ਹੈ।

ਦਿੱਲੀ ਦੀ ਸਾਲ 2023 ਅੰਕੜਾ ਕਿਤਾਬਚਾ ਡਰਾਉਣੀ ਤਸਵੀਰ ਪੇਸ਼ ਕਰਦਾ ਹੈ। ਕੌਮੀ ਰਾਜਧਾਨੀ ਵਿਚ ਕੁੱਲ ਰਜਿਸਟਰ ਵਾਹਨਾਂ ਦੀ ਸੰਖਿਆ 1 ਕਰੋੜ 20 ਲੱਖ ਸੀ ਜਿਨ੍ਹਾਂ 'ਚੋਂ 33.8 ਫੀਸਦੀ ਵਾਹਨ ਪ੍ਰਾਈਵੇਟ ਸਨ। ਇਹ ਖੇਡ ਇੱਥੇ ਹੀ ਖਤਮ ਨਹੀਂ ਹੁੰਦੀ ਭਾਵੇਂ ਦਿੱਲੀ ਦੇ ਕੁੱਲ ਪ੍ਰਦੂਸ਼ਣ ਵਿਚ ਵਾਹਨਾਂ ਦੇ ਪ੍ਰਦੂਸ਼ਣ ਦਾ ਹਿੱਸਾ 38 ਫੀਸਦੀ ਅੰਗਿਆ ਜਾਂਦਾ ਹੈ। ਇਹ ਸਾਰੀ ਕਵਾਇਦ ਆਪਣੇ ਪੈਰੀਂ ਕੁਹਾੜੀ ਮਾਰਨ ਦੇ ਤੁੱਲ ਹੈ। ਮਿਸਾਲ ਦੇ ਤੌਰ 'ਤੇ ਬੰਗਲੌਰ ਦੀ ਹੋਣੀ ਦੀ ਕਲਪਨਾ ਕਰੋ। ਬੰਗਲੌਰ ਕਦੇ ਸ਼ਾਂਤਮਈ ਸ਼ਹਿਰ ਹੁੰਦਾ ਸੀ ਜੋ ਬਦਨਾਮ ਟਰੈਫਿਕ ਜਾਮਾਂ ਕਰ ਕੇ ਸ਼ੋਰੀਲਾ ਖੇਤਰ ਬਣ ਗਿਆ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ਹਿਰ ਵਿਚ 23 ਲੱਖ ਪ੍ਰਾਈਵੇਟ ਕਾਰਾਂ ਹਨ ਅਤੇ ਲੋਕਾਂ ਮਹਿਜ਼ ਦਸ ਕਿਲੋਮੀਟਰ ਦਾ ਸਫਰ ਤੈਅ ਕਰਨ ਲਈ ਔਸਤਨ 30 ਮਿੰਟ ਲਗਦੇ ਹਨ।

ਅਸੀਂ ਕੁਚੱਕਰ ਵਿਚ ਫਸ ਗਏ ਹਾਂ: ਹੋਰ ਜ਼ਿਆਦਾ ਕਾਰਾਂ, ਜ਼ਿਆਦਾ ਟਰੈਫਿਕ ਘੜਮੱਸ, ਜ਼ਿਆਦਾ ਫਲਾਈਓਵਰ, ਹੋਰ ਜ਼ਿਆਦਾ ਐਕਸਪ੍ਰੈਸਵੇਜ਼, ਜ਼ਿਆਦਾ ਪ੍ਰਦੂਸ਼ਣ। ਫਿਰ ਵੀ ਟੈਕਨੋ-ਪੂੰਜੀਪਤੀ, ਠੇਕੇਦਾਰ ਅਤੇ ਸਿਆਸਤਦਾਨ ਛੇਤੀ ਹੀ ਇਕ ਹੋਰ ਐਕਸਪ੍ਰੈਸਵੇਜ਼ ਦੇ ਉਦਘਾਟਨ ਦਾ ਗੁਣਗਾਨ ਕਰਦੇ ਰਹਿੰਦੇ ਹਨ। ਜਿਵੇਂ 264 ਕਿਲੋਮੀਟਰ ਲੰਮਾ ਦਿੱਲੀ-ਦੇਹਰਾਦੂਨ ਐਕਸਪ੍ਰੈਸਵੇਜ਼ ਤੁਹਾਨੂੰ ਸਿਰਫ ਢਾਈ ਘੰਟੇ ਵਿਚ ਇਕ ਤੋਂ ਦੂਜੇ ਸ਼ਹਿਰ ਪਹੁੰਚਾ ਦੇਵੇਗਾ।

ਤੇ ਜਿਵੇਂ ਅਕਸਰ ਹੁੰਦਾ ਹੈ, ਅਸੀਂ ਕਿਸੇ ਫੈਂਸੀ ਕਾਰ ਦਾ ਨਵਾਂ ਨਕੋਰ ਮਾਡਲ ਖਰੀਦਣਾ ਚਾਹਾਂਗੇ ਤੇ ਇਸ ਐਕਸਪ੍ਰੈਸਵੇਜ਼ 'ਤੇ ਕਾਰ ਦੁੜਾ ਕੇ ਸਾਡੇ ਸਮਿਆਂ ਦੇ ਰਫਤਾਰ ਦੇ ਰੁਮਾਂਚ ਦਾ ਅਹਿਸਾਸ ਕਰਨਾ ਚਾਹਾਂਗੇ ਅਤੇ ਫਿਰ ਹੋਰ ਜ਼ਿਆਦਾ ਰਫਤਾਰ ਦਾ ਝੱਸ ਪਾਲਣਾ ਚਾਹਾਂਗੇ। ਅਸੀਂ ਬੜੇ ਆਰਾਮ ਨਾਲ ਭੁੱਲ ਜਾਵਾਂਗੇ ਜਿਵੇਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐਨਐਚਏਆਈ) ਦੇ ਅੰਕੜਿਆਂ ਮੁਤਾਬਿਕ ਇਸ ਐਕਸਪ੍ਰੈਸਵੇਅ ਖਾਤਿਰ 7555 ਦਰੱਖਤ ਵੱਢੇ ਜਾ ਚੁੱਕੇ ਹਨ! ਉਂਝ ਵੀ ਦਰੱਖਤਾਂ ਦੀ ਕੀਹਨੂੰ ਪਈ ਹੈ?

ਇਸ ਤਰ੍ਹਾਂ ਵਿਕਾਸ ਦੇ ਆਧੁਨਿਕਤਾਵਾਦੀ ਪ੍ਰਜੈਕਟ ਵਿਚ ਛੁਪੀ ਰਫਤਾਰ ਅਤੇ ਆਵਾਜਾਈ ਦੀ ਖਿੱਚ ਨੇ ਭਾਰਤ ਵਿਚ ਘਰੇਗੀ ਸ਼ਹਿਰੀ ਹਵਾਬਾਜ਼ੀ ਮੁਸਾਫਿਰ ਆਵਾਜਾਈ ਵਿਚ ਭਾਰੀ ਵਾਧਾ ਲੈ ਆਂਦਾ ਹੈ; 2024 ਵਿਚ ਇਹ ਅੰਕੜਾ 15 ਕਰੋੜ ਮੁਸਾਫਿਰ ਪਾਸ ਕਰ ਜਾਣ ਦੀ ਆਸ ਹੈ। ਤਰੱਕੀ ਦੀਆਂ ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਸੁਣਦਿਆਂ ਅਸੀਂ ਇਸ ਬਾਰੇ ਸੋਚਣ ਜਾਂ ਸਮਝਣ ਦੀ ਜ਼ਹਿਮਤ ਹੀ ਨਹੀਂ ਕਰਦੇ ਕਿ ਹਵਾਈ ਸਫਰ ਅਜਿਹੀ ਸਰਗਰਮੀ ਹੈ ਜਿਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਕਰਕੇ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਹੁੰਦਾ ਹੈ। ਲਗਦਾ ਹੈ, ਅਸੀਂ ਇਸ ਦੀ ਕੀਮਤ ਤਾਰਨ ਲਈ ਤਿਆਰ ਹਾਂ। ਅਸੀਂ ਆਪਣੇ ਮਹਾਂਨਗਰਾਂ ਵਿਚ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਾਂ, ਪਾਰਕਿੰਗ ਸਪੇਸ ਨੂੰ ਲੈ ਕੇ ਆਪਣੇ ਗੁਆਂਢੀ ਨਾਲ ਝਗੜਦੇ ਰਹਿੰਦੇ ਹਾਂ ਅਤੇ ਰਫਤਾਰ ਤੇ ਸ਼ੋਰ ਦੇ ਮਾਹੌਲ ਵਿਚ ਰਹਿਣ ਕਰ ਕੇ ਆਪਣਾ ਬੀਪੀ ਅਤੇ ਸ਼ੂਗਰ ਵਧਾ ਲੈਂਦੇ ਹਾਂ। ਰਫਤਾਰ ਅਤੇ ਆਵਾਜਾਈ ਦੇ ਇਸ ਖਬਤ ਜਿਸ ਦੇ ਲਖਾਇਕ ਐਕਸਪ੍ਰੈਸਵੇਜ਼ ਅਤੇ ਹਵਾਈ ਅੱਡੇ ਬਣ ਗਏ ਹਨ, ਨੂੰ ਆਪਣੇ 'ਤੇ ਹਾਵੀ ਨਹੀਂ ਦਿੱਤਾ। ਇਸ ਦੀ ਬਜਾਇ ਮੈਂ 'ਧੀਮੀ ਰਫਤਾਰ' ਦੀ ਤਾਲ ਦਾ ਮੱਦਾਹ ਹੋ ਗਿਆ ਹਾਂ।

ਰਫਤਾਰ ਦੀ ਸਾਫੀ ਲਲਕ ਦਾ ਇਕ ਹੋਰ ਸਿੱਟਾ ਹੈ ਖਪਤਵਾਦ ਦਾ ਮਹਿਮਾ ਮੰਡਨ। 'ਇਕ ਖਰੀਦੋ, ਨਾਲ ਹੀ ਇਕ ਮੁਫਤ ਲੈ ਜਾਓ' ਦਾ ਮੰਡੀ ਮੰਤਰ ਸਾਨੂੰ ਖਰੀਦਦਾਰੀ ਤੇ ਖਪਤ ਲਈ ਉਕਸਾਉਂਦਾ ਹੈ, ਫਿਰ ਇਹ ਕੋਈ ਇਲੈਕਟ੍ਰੋਨਿਕ ਸਾਜ਼ੋ-ਸਾਮਾਨ ਹੋਵੇ ਜਾਂ ਕੋਈ ਫੈਂਸੀ ਵਸਤਰ, ਆਲੂ ਚਿਪਸ ਦਾ ਪੈਕਟ ਹੋਵੇ ਜਾਂ ਡਿਟ੍ਰਜੈਂਟ ਪਾਊਡਰ ਜਾਂ ਫਿਰ ਕੋਈ ਨਵਾਂ ਸਮਾਰਟਫੋਨ।

ਖਪਤ ਦਾ ਇਹ ਰੁਝਾਨ ਵਾਤਾਵਰਨ ਨੂੰ ਹੋਰ ਜ਼ਿਆਦਾ ਪਲੀਤ ਕਰਦਾ ਹੈ। ਇਹ ਸਾਜ਼ੋ-ਸਾਮਾਨ ਜਿਨ੍ਹਾਂ ਫੈਕਟਰੀਆਂ ਵਿਚ ਤਿਆਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਚਲਾਉਣ ਅਤੇ ਫਿਰ ਇਸ ਦੀ ਢੋਆ-ਢੁਆਈ ਲਈ ਬਹੁਤ ਜ਼ਿਆਦਾ ਊਰਜਾ ਦੀ ਲੋੜ ਪੈਂਦੀ ਹੈ। ਇਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਹੁੰਦੀ ਹੈ। ਇਸ ਤਰ੍ਹਾਂ ਕੱਪੜਾ ਉਤਪਾਦਨ ਲਈ ਹਰ ਸਾਲ ਕਰੋੜ



ਟਨ ਰਹਿੰਦ-ਖੂੰਹਦ ਪੈਦਾ ਹੁੰਦੀ ਹੈ ਅਤੇ ਬਹੁਤ ਥੋੜ੍ਹਾ ਜਿਹਾ ਕੱਪੜਾ ਹੀ ਰੀਸਾਈਕਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਈ-ਕਾਮਰਸ ਨੇ ਡੱਬਾ ਬੰਦ ਪਦਾਰਥਾਂ 'ਤੇ ਸਾਡੀ ਨਿਰਭਰਤਾ ਵਧਾਈ ਹੈ, ਪਲਾਸਟਿਕ 'ਚ ਲਪੇਟੇ ਕਰੋੜਾਂ ਪੈਕੇਜ ਵੱਡੀ ਗਿਣਤੀ 'ਚ ਕਚਰੇ ਦਾ ਰੂਪ ਧਾਰ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਲਾਸਟਿਕ ਜੀਵਤ ਪ੍ਰਾਣੀਆਂ ਨੂੰ ਹਾਨੀਕਾਰਕ ਰਸਾਇਣਾਂ ਦੇ ਸੰਪਰਕ 'ਚ ਲਿਆਉਂਦੀ ਹੈ ਜਿਸ ਨਾਲ ਕੈਂਸਰ ਤੇ ਹੋਰ ਸਰੀਰਕ ਸਮੱਸਿਆਵਾਂ ਆ ਸਕਦੀਆਂ ਹਨ। ਇਸੇ ਤਰ੍ਹਾਂ ਇਲੈਕਟ੍ਰੋਨਿਕ ਵਸਤਾਂ ਵਿਚ ਵੀ ਕੁੱਝ ਅਜਿਹੀਆਂ ਧਾਤਾਂ ਹੁੰਦੀਆਂ ਹਨ ਜੋ ਅਖੀਰ 'ਚ ਕੂੜੇ ਦੇ ਢੇਰਾਂ 'ਤੇ ਸੁੱਟੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਪਲਾਸਟਿਕ ਕਚਰੇ ਦੇ ਸਮੁੰਦਰ 'ਚ ਸੁੱਟੇ ਜਾਣ ਦੀ ਸੰਭਾਵਨਾ ਰਹਿੰਦੀ ਹੈ ਜਿਸ ਨਾਲ ਸਮੁੰਦਰੀ ਜੀਵਾਂ ਦਾ ਗੰਭੀਰ ਨੁਕਸਾਨ ਹੁੰਦਾ ਹੈ।

ਫਿਰ ਵੀ ਪੂੰਜੀਵਾਦ ਦਾ ਸਿਧਾਂਤ ਸਾਨੂੰ ਹੋਰ ਖਰੀਦਣ, ਹੋਰ ਹੰਢਾਉਣ ਲਈ ਲੁਭਾਉਂਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਧਰਤੀ ਦੇ ਵਾਤਾਵਰਨ ਦਾ ਨੁਕਸਾਨ ਕਰਦਾ ਹੈ। ਜਦ ਤੁਸੀਂ ਸ਼ਾਪਿੰਗ ਮਾਲ ਜਾਂਦੇ ਹੋ, ਵਿਸ਼ੇਸ਼ 'ਪੇਸ਼ਕਸ਼ਾਂ ਤੇ ਛੋਟਾਂ' ਦੇ ਸੁਨੇਹੇ ਪ੍ਰਾਪਤ ਹੁੰਦੇ ਹਨ ਤੇ ਸ਼ਾਪਿੰਗ ਤੇ ਖਰੀਦਦਾਰੀ ਨੂੰ ਸਮੂਹਿਕ ਮਨੋਰੰਜਨ ਸਮਝਿਆ ਜਾਂਦਾ ਹੈ, ਉਦੋਂ ਬੰਦੇ ਨੂੰ ਅਹਿਸਾਸ ਹੁੰਦਾ ਹੈ ਕਿ ਖਪਤਵਾਦ ਸਾਡੇ ਸਮਿਆਂ ਦਾ ਸਭ ਤੋਂ ਪਸੰਦੀਦਾ ਮਜ਼ਹਬ ਬਣ ਚੁੱਕਾ ਹੈ। ਫਿਰ ਵੀ ਮੈਨੂੰ ਤਾਂਘ ਰਹਿੰਦੀ ਹੈ ਕਿ ਘੱਟੋ-ਘੱਟ ਨਾਲ ਗੁਜ਼ਾਰਾ ਕੀਤਾ ਜਾਵੇ।

ਮੈਂ ਜਾਣਦਾ ਹਾਂ ਕਿ ਮੇਰੀ 'ਧੀਮੀ ਜ਼ਿੰਦਗੀ' ਜਾਂ 'ਘੱਟੋ-ਘੱਟ ਨਾਲ ਗੁਜ਼ਾਰੇ ਦੀ ਪਹੁੰਚ' ਨਾਲ ਮੇਰੇ ਆਲੇ-ਦੁਆਲੇ ਵਾਪਰ ਰਹੀਆਂ ਚੀਜ਼ਾਂ ਨੂੰ ਕੋਈ ਫਰਕ ਨਹੀਂ ਪੈਂਦਾ- ਜਲਵਾਯੂ ਆਫਤ ਦੇ ਸਾਫ ਨਜ਼ਰ ਆਉਂਦੇ ਲੱਛਣ ਤੇ ਨਾਲ ਹੀ ਇਸ ਦੇ ਤਬਾਹਕੁਨ ਸਿੱਟੇ : ਗਰੀਨ ਹਾਊਸ ਗੈਸਾਂ ਦੀ ਲਗਾਤਾਰ ਨਿਕਾਸੀ ਨਾਲ ਔਸਤ ਆਲਮੀ ਤਾਪਮਾਨ 'ਚ 1.1-1.2 ਡਿਗਰੀ ਸੈਲਸੀਅਸ ਤੱਕ ਵਾਧੇ ਦਾ ਖਤਰਾ, ਪਿਘਲ ਰਹੇ ਗਲੇਸ਼ੀਅਰ, ਵਧਦੀ ਜਾ ਰਹੀ ਗਰਮੀ, ਵਾਰ-ਵਾਰ ਆ ਰਹੇ ਭਿਆਨਕ ਹੜ੍ਹ ਤੇ ਤੂਫਾਨ, ਜੰਗਲਾਂ ਨੂੰ ਸੁਆਹ ਕਰ ਰਹੀ ਅੱਗ ਤੇ ਮਨੁੱਖੀ ਜਾਨਾਂ ਦਾ ਨੁਕਸਾਨ।

ਸਾਨੂੰ ਬਹੁਤ ਵੱਡੇ ਪੱਧਰ 'ਤੇ ਢਾਂਚਾਗਤ ਤਬਦੀਲੀ ਲਈ ਕੋਸ਼ਿਸ਼ ਕਰਨ ਦੀ ਲੋੜ ਹੈ ਜਿਸ ਲਈ ਦੁਨੀਆ ਦੇ ਆਗੂਆਂ, ਨੀਤੀ ਘਾੜਿਆਂ ਤੇ ਕਾਰਪੋਰੇਟ ਵਰਗ ਨੂੰ ਇਤਿਹਾਸਕ ਪੈਰਿਸ ਸਮਝੌਤੇ ਨੂੰ ਗੰਭੀਰਤਾ ਨਾਲ ਲੈਣਾ ਪਏਗਾ ਅਤੇ ਵਿਕਾਸ ਤੇ ਆਰਥਿਕ ਤਰੱਕੀ ਦੇ ਤੌਰ-ਤਰੀਕੇ ਮੁੜ ਤੋਂ ਵਿਚਾਰਨੇ ਪੈਣਗੇ ਤਾਂ ਕਿ ਆਲਮੀ ਗਰੀਨਹਾਊਸ ਗੈਸ ਨਿਕਾਸੀ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕੇ ਪਰ ਕੋਈ ਵੀ ਵੱਡੀ ਕ੍ਰਾਂਤੀ ਉਦੋਂ ਤੱਕ ਨਹੀਂ ਹੋ ਸਕਦੀ ਜਦ ਤੱਕ ਤੁਹਾਡੇ ਤੇ ਮੇਰੇ ਵਰਗੇ ਲੋਕ ਵੀ ਕਾਰਬਨ ਨਿਕਾਸੀ ਘਟਾਉਣ ਲਈ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਨਹੀਂ ਕਰਦੇ, ਸਰਕਾਰ 'ਤੇ ਦਬਾਅ ਨਹੀਂ ਬਣਾਉਂਦੇ ਅਤੇ ਆਪਣੀ ਧਰਤੀ ਨੂੰ ਤਬਾਹੀ ਤੋਂ ਬਚਾਉਣ ਲਈ ਕੋਈ ਅੰਦੋਲਨ ਨਹੀਂ ਵਿੱਢਦੇ।

# ਝੁਲਸ ਰੋਗ ਤੇ ਕਾਬੂ ਪਾਓ, ਗੁਣਵੱਤਾ ਵਾਲੇ ਆਲੂ ਉਗਾਓ



**ਸੰਦੀਪ ਜੈਨ, ਅਮਰਜੀਤ ਸਿੰਘ ਅਤੇ ਰੀਤੂ ਰਾਣੀ,**
ਪੌਦਾ ਰੋਗ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 98723-22880)

ਪਿਛੇਤਾ ਝੁਲਸ ਰੋਗ ਕਰਕੇ ਸਿਰਫ ਝਾੜ ਤੇ ਹੀ ਨਹੀਂ ਸਗੋਂ ਆਲੂਆਂ ਦੇ ਮਿਆਰ ਤੇ ਵੀ ਮਾੜਾ ਅਸਰ ਪੈਂਦਾ ਹੈ। ਝੁਲਸ ਰੋਗ ਦੀ ਬਿਮਾਰੀ ਦਾ ਹਮਲਾ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ, ਰੂਪਨਗਰ ਅਤੇ ਅੰਮ੍ਰਿਤਸਰ ਵਿਚ ਲਗਾਤਾਰ ਵੇਖਣ ਨੂੰ ਮਿਲਦਾ ਹੈ। ਪਿਛਲੇ ਕਈ ਸਾਲਾਂ ਦੇ ਸਰਵੇਖਣ ਤੋਂ ਇਹ ਪਾਇਆ ਗਿਆ ਹੈ ਕਿ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਇਸ ਬਿਮਾਰੀ ਦਾ ਹਮਲਾ ਵਧੇਰੇ ਹੁੰਦਾ ਹੈ। ਜ਼ਿਆਦਾਤਰ ਇਹ ਬਿਮਾਰੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਝ ਪਿੰਡ ਜਿਵੇਂ ਕਿ ਸ਼ਾਮਚੁਰਾਸੀ, ਮੇਹਟੀਆਣਾ, ਫੁਗਲਾਣਾ ਅਤੇ ਟਾਂਡੇ ਦੇ ਨੇੜਲੇ ਇਲਾਕਿਆਂ ਵਿਚ ਸ਼ੁਰੂ ਹੁੰਦੀ ਹੈ ਅਤੇ ਅਨੁਕੂਲ ਮੌਸਮੀ ਹਾਲਤਾਂ ਵਿਚ ਇਨ੍ਹਾਂ ਇਲਾਕਿਆਂ ਵਿੱਚੋਂ ਦੂਜੇ ਇਲਾਕਿਆਂ ਵਿਚ ਫੈਲ ਜਾਂਦੀ ਹੈ। ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ, ਮੋਗਾ ਅਤੇ ਸੰਗਰੂਰ ਵਿਚ ਇਸ ਬਿਮਾਰੀ ਦਾ ਹਮਲਾ ਮੱਧਮ ਤੀਬਰਤਾ ਦਾ ਪਾਇਆ ਜਾਂਦਾ ਹੈ ਜਦੋਂ ਕਿ ਦੱਖਣ ਪੱਛਮੀ ਜ਼ਿਲ੍ਹੇ ਜਿਵੇਂ ਕਿ ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਵਿਚ ਇਸ ਦਾ ਹਮਲਾ ਬਹੁਤ ਘੱਟ ਹੁੰਦਾ ਹੈ। ਸਾਲ 2023-24 ਦੌਰਾਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬਹਿਲੋਲਪੁਰ, ਪੁਆਤ, ਹੇੜੀਆਂ, ਸੇਜੂ ਮਾਜਰਾ ਅਤੇ ਸਮਰਾਲਾ ਤਹਿਸੀਲ ਦੇ ਇਲਾਕਿਆਂ ਵਿਚ ਇਸ ਬਿਮਾਰੀ ਦਾ ਮੱਧਮ ਤੋਂ ਤੀਬਰ ਹਮਲਾ ਪਾਇਆ ਗਿਆ, ਜਦ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਜਿਵੇਂ ਕਿ ਕੰਗਸਾਬੂ ਅਤੇ ਪ੍ਰਤਾਪਪੁਰਾ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਿਵੇਂ ਮੇਹਟੀਆਣਾ, ਫੁਗਲਾਣਾ, ਅਹਿਰਾਨਾ ਕਲਾਂ, ਮੋਨ ਕਲਾਂ, ਰਾਜਪੁਰ ਭਾਈਆ ਅਤੇ ਟਾਂਡਾ ਵਿਚ ਇਸ ਬਿਮਾਰੀ ਦਾ ਹਮਲਾ ਘੱਟ ਮਿਕਦਾਰ ਵਿਚ ਵੇਖਣ ਨੂੰ ਮਿਲਿਆ। ਅਨੁਕੂਲ ਮੌਸਮੀ ਹਾਲਾਤ (ਤਾਪਮਾਨ ਅਤੇ ਨਮੀ) ਪਿਛੇਤੇ ਝੁਲਸ ਰੋਗ ਨੂੰ ਵਧਾਉਣ ਵਿਚ ਬੜਾ ਹੀ ਅਹਿਮ ਭੂਮਿਕਾ ਅਦਾ ਕਰਦੇ ਹਨ। ਪੰਜਾਬ ਵਿਚ ਪਿਛੇਤਾ ਝੁਲਸ ਰੋਗ ਦਾ ਹਮਲਾ ਅੱਧ ਨਵੰਬਰ ਦੇ ਨੇੜੇ-ਤੇੜੇ ਜਦੋਂ ਕਿ ਫਸਲ 40 ਤੋਂ 50 ਦਿਨਾਂ ਦੀ ਹੋਵੇ ਉਦੋਂ ਸ਼ੁਰੂ ਹੁੰਦਾ ਹੈ। ਸਤੰਬਰ ਵਿਚ ਲੱਗੀ ਹੋਈ ਕੱਚੀ ਪੁਟਾਈ ਵਾਲੀ ਅਗੇਤੀ ਆਲੂਆਂ ਦੀ ਫਸਲ ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ ਕਿਉਂਕਿ ਉਸ ਸਮੇਂ ਮੌਸਮ ਗਰਮ ਰਹਿੰਦਾ ਹੈ। ਅਕਤੂਬਰ ਵਿਚ ਬੀਜੀ ਗਈ ਆਲੂ ਦੀ ਮੁੱਖ ਫਸਲ ਅਤੇ ਬਹਾਰ ਰੁੱਤ ਦੀ ਫਸਲ ਤੇ ਇਸ ਬਿਮਾਰੀ ਦਾ ਹਮਲਾ ਅਨੁਕੂਲ ਮੌਸਮੀ ਹਾਲਤਾਂ ਕਰਕੇ ਵਧੇਰੇ ਹੁੰਦਾ ਹੈ। ਉਸ ਸਮੇਂ ਦੌਰਾਨ ਹਵਾ ਵਿਚਲਾ ਤਾਪਮਾਨ 15 ਤੋਂ 28 ਡਿਗਰੀ ਸੈਂਟੀਗ੍ਰੇਡ ਅਤੇ ਨਮੀ ਦੀ ਮਾਤਰਾ 65-80 ਪ੍ਰਤੀਸ਼ਤ ਹੁੰਦੀ ਹੈ ਅਤੇ ਰਾਤ ਸਮੇਂ ਤਰੇਲ ਪੈਂਦੀ ਹੈ। ਇਨ੍ਹਾਂ ਹਾਲਤਾਂ ਵਿਚ ਇਸ ਰੋਗ ਦਾ ਹਮਲਾ ਮੱਧਮ ਤੇ ਕੁਝ ਖੇਤਾਂ ਵਿਚ ਹੀ ਰਹਿੰਦਾ ਹੈ ਪ੍ਰੰਤੂ ਜਦੋਂ ਨਵੰਬਰ ਤੋਂ ਦਸੰਬਰ ਸਰਦੀ ਦੇ ਮੌਸਮ ਦੌਰਾਨ ਮੀਂਹ ਪੈਂਦਾ ਹੈ ਤਾਂ ਹਵਾ ਵਿਚਲੀ ਨਮੀਂ ਦੀ ਮਾਤਰਾ 90% ਤੋਂ ਜ਼ਿਆਦਾ ਹੋ ਜਾਂਦੀ ਹੈ ਅਤੇ ਨਾਲ ਹੀ ਨਾਲ ਦਿਨ ਵੇਲੇ ਬੱਦਲਵਾਈ ਜਾਂ 6-7 ਦਿਨ ਲਈ ਧੁੰਦ ਪਵੇ ਅਤੇ ਤਾਪਮਾਨ 10-20 ਡਿਗਰੀ ਸੈਲਸੀਅਸ ਰਹਿੰਦਾ ਹੋਵੇ ਤਾਂ ਪਿਛੇਤਾ ਝੁਲਸ ਰੋਗ ਪੱਤਿਆਂ ਅਤੇ ਤਣਿਆਂ ਉੱਤੇ ਵੇਖਿਆ ਜਾ ਸਕਦਾ ਹੈ ਅਤੇ ਇਸ ਉੱਲੀ ਦੇ ਕਣ ਹਵਾ ਨਾਲ ਉੱਡ ਕੇ ਨੇੜਲੇ ਬੂਟੇ ਅਤੇ ਖੇਤਾਂ ਵਿਚ ਬਿਮਾਰੀ ਫੈਲਾਅ ਦਿੰਦੇ ਹਨ। ਇਸ ਕਰਕੇ ਸਰਦੀ ਦੀ ਰੁੱਤ ਵਿਚ ਮੀਂਹ ਤੋਂ ਤੁਰੰਤ ਬਾਅਦ ਇਸ ਰੋਗ ਲਈ ਸਮੇਂ-ਸਮੇਂ ਤੇ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਝੁਲਸ ਰੋਗ ਦੇ ਲੱਛਣਾਂ ਦਾ ਪਤਾ ਲੱਗ ਸਕੇ। ਸਭ ਤੋਂ ਪਹਿਲਾਂ ਬਿਮਾਰੀ ਦੇ ਲੱਛਣ ਹੇਠਲੇ ਪੱਤਿਆਂ ਤੇ ਨਜ਼ਰ ਆਉਂਦੇ ਹਨ। ਸ਼ੁਰੂ ਵਿਚ ਬਿਮਾਰੀ ਦੇ ਹਮਲੇ ਨਾਲ ਪਹਿਲਾਂ ਪੱਤਿਆਂ ਦੇ ਕਿਨਾਰਿਆਂ ਤੇ ਪਾਣੀ ਭਿੱਜੇ ਦਾਗ ਪੈ ਜਾਂਦੇ ਹਨ ਜੋ ਕਿ ਵੱਡੇ ਹੋ ਕੇ ਕਾਲੇ ਭੂਰੇ ਰੰਗ ਵਿਚ ਤਬਦੀਲ ਹੋ ਜਾਂਦੇ ਹਨ। ਨਮੀਂ ਭਰੇ ਦਿਨਾਂ ਵਿਚ ਸਵੇਰ ਵੇਲੇ ਚਿੱਟੇ ਰੰਗ ਦੀ ਉੱਲੀ ਇਨ੍ਹਾਂ ਧੱਬਿਆਂ ਦੇ ਹੇਠਲੇ ਪਾਸੇ ਪ੍ਰਤੱਖ ਦਿਖਾਈ ਦਿੰਦੀ ਹੈ। ਬਾਅਦ ਵਿਚ ਤਣੇ ਅਤੇ ਪੱਤਿਆਂ ਦੀਆਂ ਡੰਡੀਆਂ ਉੱਤੇ ਵੀ ਭੂਰੇ ਰੰਗ ਦੀਆਂ ਲੰਬੀਆਂ ਧਾਰੀਆਂ ਵਾਲੇ ਦਾਗ ਪੈ ਜਾਂਦੇ ਹਨ। ਭਾਰੀ ਬਰਸਾਤਾਂ ਉੱਲੀ ਵਾਲੇ ਕਣਾਂ ਨੂੰ ਪੱਤਿਆਂ ਤੋਂ ਧੋ ਕੇ ਮਿੱਟੀ ਵਿਚ ਰਲਾ ਦਿੰਦੀਆਂ ਹਨ ਅਤੇ ਆਲੂਆਂ ਨੂੰ ਬਿਮਾਰੀ ਦੀ ਲਾਗ ਲੱਗ ਜਾਂਦੀ ਹੈ।

ਪਿਛਲੇ ਕਈ ਸਾਲਾਂ ਦੇ ਸਰਵੇਖਣ ਤੋਂ ਇਹ ਪਾਇਆ ਗਿਆ ਹੈ ਕਿ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ



ਇਸ ਬਿਮਾਰੀ ਦਾ ਹਮਲਾ ਵਧੇਰੇ ਹੁੰਦਾ ਹੈ। ਜ਼ਿਆਦਾਤਰ ਇਹ ਬਿਮਾਰੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਝ ਪਿੰਡ ਜਿਵੇਂ ਕਿ ਸ਼ਾਮਚੁਰਾਸੀ, ਮੇਹਟੀਆਣਾ, ਫੁਗਲਾਣਾ ਅਤੇ ਟਾਂਡੇ ਦੇ ਨੇੜਲੇ ਇਲਾਕਿਆਂ ਵਿਚ ਸ਼ੁਰੂ ਹੁੰਦੀ ਹੈ ਅਤੇ ਅਨੁਕੂਲ ਮੌਸਮੀ ਹਾਲਤਾਂ ਵਿਚ ਇਨ੍ਹਾਂ ਇਲਾਕਿਆਂ ਵਿੱਚੋਂ ਦੂਜੇ ਇਲਾਕਿਆਂ ਵਿਚ ਫੈਲ ਜਾਂਦੀ ਹੈ। ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ, ਮੋਗਾ ਅਤੇ ਸੰਗਰੂਰ ਵਿਚ ਇਸ ਬਿਮਾਰੀ ਦਾ ਹਮਲਾ ਮੱਧਮ ਤੀਬਰਤਾ ਦਾ ਪਾਇਆ ਜਾਂਦਾ ਹੈ ਜਦੋਂ ਕਿ ਦੱਖਣ ਪੱਛਮੀ ਜ਼ਿਲ੍ਹੇ ਜਿਵੇਂ ਕਿ ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਵਿਚ ਇਸ ਦਾ ਹਮਲਾ ਬਹੁਤ ਘੱਟ ਹੁੰਦਾ ਹੈ।





ਬਿਮਾਰੀ ਵਾਲੇ ਆਲੂਆਂ ਦੇ ਬੀਜ ਤੋਂ ਹੀ ਝੁਲਸ ਰੋਗ ਦੀ ਸ਼ੁਰੂਆਤ ਹੁੰਦੀ ਹੈ। ਰੋਗੀ ਆਲੂਆਂ ਉੱਪਰ ਬੇਢੰਗੇ ਭੂਰੇ ਰੰਗ ਦੇ ਦਾਗ ਇਸ ਬਿਮਾਰੀ ਦੇ ਲੱਛਣ ਹਨ। ਲਾਲ ਆਲੂਆਂ ਉੱਤੇ ਇਸ ਬਿਮਾਰੀ ਦੇ ਲੱਛਣ ਘੱਟ ਨਜ਼ਰ ਆਉਂਦੇ ਹਨ। ਬਿਮਾਰੀ ਦੇ ਲੱਛਣ ਠੰਡੇ ਗੋਦਾਮਾਂ ਵਿਚੋਂ ਕੱਢੇ ਗਏ ਇਹ ਰੋਗੀ ਆਲੂ ਇਸ ਬਿਮਾਰੀ ਦੇ ਮੁੱਢਲੇ ਕਾਰਨ ਬਣਦੇ ਹਨ। ਆਲੂਆਂ ਦੀ ਛਾਂਟੀ ਤੋਂ ਬਾਅਦ ਸੈਂਆ ਬਿਮਾਰੀ ਵਾਲੇ ਆਲੂ ਗੋਦਾਮਾਂ ਦੇ ਨੇੜੇ ਹੀ ਸੁੱਟ ਦਿੱਤੇ ਜਾਂਦੇ ਹਨ ਜੋ ਕਿ ਬਿਮਾਰੀ ਫੈਲਾਉਣ ਦਾ ਮੁੱਖ ਕਾਰਨ ਬਣਦੇ ਹਨ। ਇਸ ਕਰਕੇ ਪੌਦਾ ਰੋਗ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਪਿਛੇਤੇ ਝੁਲਸ ਰੋਗ ਲਈ ਚਲਾਈਆਂ ਗਈਆਂ ਮੁਹਿੰਮਾ ਰਾਹੀਂ ਲਗਾਤਾਰ ਇਸ ਗੱਲ ਉੱਪਰ ਜ਼ੋਰ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਬਿਮਾਰੀ ਵਾਲੇ ਆਲੂਆਂ ਨੂੰ ਠੰਡੇ ਗੋਦਾਮਾਂ ਵਿਚੋਂ ਕੱਢਣ ਤੋਂ ਬਾਅਦ ਖੇਤਾਂ ਤੋਂ ਪਰੇ ਮਿੱਟੀ ਵਿੱਚ ਦੱਬ ਕੇ ਨਸ਼ਟ ਕਰ ਦਿਓ। ਇਹ ਨੀਤੀ ਅਪਣਾਉਣ ਨਾਲ ਅਸੀਂ ਆਲੂਆਂ ਨੂੰ ਬਿਮਾਰੀ ਦੀ ਮੁੱਢਲੀ ਲਾਗ ਤੋਂ ਬਚਾ ਕੇ ਆਪਣੇ ਖੇਤਾਂ ਵਿਚ ਅੱਗੇ ਫੈਲਣ ਤੋਂ ਰੋਕ ਸਕਦੇ ਹਾਂ। ਆਲੂਆਂ ਦੀ ਬਿਮਾਰੀ ਦੀ ਲਾਗ ਤੋਂ ਬਚਾਉਣ ਲਈ ਸਮੇਂ ਸਿਰ ਵੱਟਾਂ ਤੇ ਮਿੱਟੀ ਚੜ੍ਹਾਉਣੀ ਚਾਹੀਦੀ ਹੈ ਤਾਂ ਜੋ ਵੱਟਾਂ ਮੋਟੀਆਂ ਰਹਿਣ। ਆਲੂਆਂ ਦੀ ਪੁਟਾਈ ਤੋਂ 2-3 ਹਫਤੇ ਪਹਿਲਾਂ, ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਦੀ ਪਤਰਾਲ ਨੂੰ ਕੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਜਿਸ ਨਾਲ ਬੀਜ ਤੱਕ ਬਿਮਾਰੀ ਪਹੁੰਚਣ ਦਾ ਖਦਸ਼ਾ ਘੱਟ ਜਾਵੇ। ਪਤਰਾਲ ਕੱਟਣ ਦੇ 2-3 ਹਫਤੇ ਬਾਅਦ ਹੀ ਆਲੂਆਂ ਦੀ ਪੁਟਾਈ ਕਰਨੀ ਚਾਹੀਦੀ ਹੈ। ਪਿਛਲੇ ਦਸ ਸਾਲਾਂ ਵਿਚ ਪਿਛੇਤੇ ਝੁਲਸ ਰੋਗ ਦਾ ਹਮਲਾ ਮੁਕਾਬਲਤਨ ਘੱਟ ਵੇਖਿਆ ਗਿਆ ਹੈ। ਇਸ ਦਾ ਮੁੱਖ ਕਾਰਨ ਬਿਮਾਰੀ ਵਾਲੇ ਆਲੂਆਂ ਦੀ ਛਾਂਟੀ ਕਰਕੇ ਨਸ਼ਟ ਕਰਨਾ ਅਤੇ ਸਮੇਂ ਸਿਰ ਸਿਫਾਰਿਸ਼ ਕੀਤੇ ਉੱਲੀਨਾਸ਼ਕਾਂ ਦਾ ਛਿੜਕਾਅ ਕਰਕੇ ਬਿਮਾਰੀ ਨੂੰ ਫੈਲਣ ਤੋਂ ਰੋਕਣਾ ਹੈ।

ਕਿਉਂਕਿ ਪਿਛੇਤਾ ਝੁਲਸ ਰੋਗ ਬੜੀ ਤੇਜ਼ੀ ਨਾਲ ਖੇਤਾਂ ਵਿਚ ਫੈਲਦਾ ਹੈ, ਇਸ ਕਰਕੇ ਸਹੀ ਸਮੇਂ ਸਿਰ ਉੱਲੀਨਾਸ਼ਕਾਂ ਦਾ ਛਿੜਕਾਅ ਝੁਲਸ ਰੋਗ ਦੀ ਰੋਕਥਾਮ ਲਈ ਬਹੁਤ ਕਾਰਗਰ ਸਾਬਿਤ ਹੁੰਦਾ ਹੈ। ਜਿਵੇਂ ਹੀ ਇਸ ਰੋਗ ਦੇ ਲੱਛਣ ਖੇਤ ਵਿਚ ਨਜ਼ਰ ਆਉਣ ਤਾਂ ਸਿਫਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਇਸ ਬਿਮਾਰੀ ਦੇ ਹਮਲੇ ਦੀ ਸਫਲਤਾਪੂਰਵਕ ਰੋਕਥਾਮ ਉੱਲੀਨਾਸ਼ਕ ਦੇ ਪ੍ਰਭਾਵ ਅਤੇ ਪੱਤਿਆਂ ਉੱਪਰ ਚੰਗੀ ਤਰ੍ਹਾਂ ਸਪਰੇਅ ਤੇ ਨਿਰਭਰ ਕਰਦਾ ਹੈ। ਛਿੜਕਾਅ ਲਈ ਸਹੀ ਨੋਜ਼ਲ (ਕੋਨ) ਅਤੇ ਪੂਰੇ ਪਾਣੀ ਦਾ ਇਸਤੇਮਾਲ ਕਰ ਲੈਣਾ ਚਾਹੀਦਾ ਹੈ। ਫਸਲ ਤੇ ਐਂਟਰਾਕੋਲ / ਕਵਚ / ਇੰਡੋਫਿਲ ਐਮ-45/ਮਾਸਐਮ-45 / ਮਾਰਕਜ਼ੈਬ 500-700 ਗ੍ਰਾਮ ਜਾਂ ਮਾਰਕ ਕਾਪਰ / ਕਾਪਰ ਆਕਸੀਕਲੋਰਾਈਡ 50 ਡਬਲਯੂ ਪੀ 750 ਤੋਂ 1000 ਗ੍ਰਾਮ ਪ੍ਰਤੀ ਏਕੜ ਛਿੜਕਾਅ 250-350 ਲਿਟਰ ਪਾਣੀ ਵਿਚ ਘੋਲ ਕੇ ਬਿਮਾਰੀ ਆਉਣ ਤੋਂ ਪਹਿਲਾਂ ਕਰੋ। ਸੱਤ-ਸੱਤ ਦਿਨ ਦੀ ਵਿੱਥ ਤੇ ਇਸ ਛਿੜਕਾਅ ਨੂੰ ਪੰਜ ਵਾਰ ਦੁਹਰਾਓ। ਭਾਰੀ ਬਰਸਾਤਾਂ, ਧੁੰਦਾਂ ਅਤੇ ਬੱਦਲਵਾਈ ਵਾਲੇ ਮੌਸਮ ਦੌਰਾਨ ਐਂਟਰਾਕੋਲ / ਕਵਚ / ਇੰਡੋਫਿਲ ਐਮ-45 ਦੀ ਥਾਂ 3-4 ਛਿੜਕਾਅ ਰੀਵਸ 250 ਐਸ ਸੀ 250 ਮਿ.ਲਿ. ਜਾਂ ਇਕੁਏਸ਼ਨ ਪ੍ਰੋ 200 ਮਿ.ਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੋਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 10 ਦਿਨ ਦੇ ਵਕਫੇ ਤੇ ਕਰੋ ਅਤੇ ਉਸ ਪਿੱਛੋਂ ਫਿਰ ਇਕ ਛਿੜਕਾਅ ਲਈ ਐਂਟਰਾਕੋਲ / ਕਵਚ / ਇੰਡੋਫਿਲ ਐਮ-45 ਹੀ ਵਰਤੋ। ਜੇਕਰ ਪਹਿਲਾਂ ਫਸਲ ਤੇ ਬਿਮਾਰੀ ਆਈ ਹੋਵੇ ਤਾਂ ਪਿਛੇਤੀ ਜਾਂ ਬਹਾਰ ਰੁੱਤ ਦੀ ਫਸਲ ਤੇ ਬਿਮਾਰੀ ਆਉਣ ਦਾ ਖਤਰਾ ਵਧੇਰੇ ਹੁੰਦਾ ਹੈ ਇਸ ਲਈ ਫਸਲ ਤੇ ਪਹਿਲਾ ਛਿੜਕਾਅ ਰੀਵਸ 250 ਐਸ ਸੀ 250 ਮਿ.ਲਿ. ਜਾਂ ਈਕੁਏਸ਼ਨ ਪ੍ਰੋ 200 ਮਿ.ਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੋਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਐਂਟਰਾਕੋਲ / ਕਵਚ / ਇੰਡੋਫਿਲ ਐਮ-45 ਦੇ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 7 ਦਿਨਾਂ ਦੇ ਵਕਫੇ ਤੇ ਕਰੋ। ਉੱਲੀਨਾਸ਼ਕਾਂ ਦੀ ਕਦੇ ਵੀ ਸਿਫਾਰਿਸ਼ ਨਾਲੋਂ ਘੱਟ ਜਾਂ ਵੱਧ ਮਿਕਦਾਰ ਨਹੀਂ ਵਰਤਣੀ ਚਾਹੀਦੀ।

ਸਰਦੀ ਦੀ ਰੁੱਤ ਵਿਚ ਮੀਂਹ ਤੋਂ ਤੁਰੰਤ ਬਾਅਦ ਇਸ ਰੋਗ ਲਈ ਸਮੇਂ-ਸਮੇਂ ਤੇ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਝੁਲਸ ਰੋਗ ਦੇ ਲੱਛਣਾਂ ਦਾ ਪਤਾ ਲੱਗ ਸਕੇ। ਸਭ ਤੋਂ ਪਹਿਲਾਂ ਬਿਮਾਰੀ ਦੇ ਲੱਛਣ ਹੇਠਲੇ ਪੱਤਿਆਂ ਤੇ ਨਜ਼ਰ ਆਉਂਦੇ ਹਨ। ਸ਼ੁਰੂ ਵਿਚ ਬਿਮਾਰੀ ਦੇ ਹਮਲੇ ਨਾਲ ਪਹਿਲਾਂ ਪੱਤਿਆਂ ਦੇ ਕਿਨਾਰਿਆਂ ਤੇ ਪਾਣੀ ਭਿੱਜੇ ਦਾਗ ਪੈ ਜਾਂਦੇ ਹਨ ਜੋ ਕਿ ਵੱਡੇ ਹੋ ਕੇ ਕਾਲੇ ਭੂਰੇ ਰੰਗ ਵਿਚ ਤਬਦੀਲ ਹੋ ਜਾਂਦੇ ਹਨ। ਨਮੀਂ ਭਰੇ ਦਿਨਾਂ ਵਿਚ ਸਵੇਰ ਵੇਲੇ ਚਿੱਟੇ ਰੰਗ ਦੀ ਉੱਲੀ ਇਨ੍ਹਾਂ ਧੱਬਿਆਂ ਦੇ ਹੇਠਲੇ ਪਾਸੇ ਪ੍ਰਤੱਖ ਦਿਖਾਈ ਦਿੰਦੀ ਹੈ। ਬਾਅਦ ਵਿਚ ਤਣੇ ਅਤੇ ਪੱਤਿਆਂ ਦੀਆਂ ਡੰਡੀਆਂ ਉੱਤੇ ਵੀ ਭੂਰੇ ਰੰਗ ਦੀਆਂ ਲੰਬੀਆਂ ਧਾਰੀਆਂ ਵਾਲੇ ਦਾਗ ਪੈ ਜਾਂਦੇ ਹਨ।

# ਕੀ ਰੀਸਾਂ ਰੇਡੀਓ ਦੀਆਂ ਖੇਤੀਬਾੜੀ ਦੇ ਦਾਇਰੇ ਵਿਚ

ਰੇਡੀਓ ਮੈਂ ਉਨੀ ਸੌ ਬਾਠ ਤੋਂ ਸੁਣਦਾ ਆ ਰਿਹਾ ਹਾਂ ਕਿਉਂਕਿ ਮੇਰੇ ਤਾਇਆ ਕਰਨੈਲ ਸਿੰਘ ਰੇਡੀਓ ਸੁਣਨ ਦਾ ਬਹੁਤ ਸ਼ੁਕੀਨ ਸੀ। ਖੇਤੀਬਾੜੀ ਦੇ ਨਾਲ ਉਹ ਰੇਡੀਓ ਸੁਣਨ ਕਦੇ ਨਾਗਾ ਨਹੀਂ ਪਾਉਂਦੇ



ਸਨ। ਭਾਵੇਂ ਉਹ ਅਨਪੜ੍ਹ ਸਨ ਪਰ ਉਹ ਪੜ੍ਹਿਆ ਲਿਖਿਆ ਨੂੰ ਪਿੱਛੇ ਸੁੱਟਦੇ ਸਨ ਅਤੇ ਸੱਥ ਵਿਚ ਬੈਠ ਕੇ ਉਹ ਰੇਡੀਓ ਸੁਣੀਆਂ ਰਚਨਾਵਾਂ, ਖਬਰਾਂ, ਦਿਹਾਤੀ ਪ੍ਰੋਗਰਾਮ ਆਦਿ ਬਹੁਤ ਖੋਲ ਕੇ ਦੱਸਦੇ ਸਨ। ਬਾਕੀ ਉਸਦੇ ਹਾਣੀ ਉਸਦੇ ਦੁਆਲੇ ਹੋ ਜਾਂਦੇ ਸਨ। ਕਹਿੰਦੇ ਦੱਸ ਕਰਨੈਲ ਸਿਹਾਂ ਕੀ ਰੇਡੀਓ ਤੋਂ ਖਬਰ ਸਾਰ ਆਈ। ਬੱਸ ਕਰਨੈਲ ਸਿੰਘ ਰੇਡੀਓ ਤੋਂ ਸਾਰੀਆਂ ਦਲੀਲਾਂ ਗਿਆਨ ਦੀਆਂ ਗੱਲਾਂ ਸੁਣੀਆਂ ਸੁਨਾਉਣ ਲੱਗ ਜਾਂਦਾ ਸੀ ਅਤੇ ਕਮਾਲਾਂ ਕਰ ਦਿੰਦੇ ਸਨ। ਬਾਕੀ ਤਾਏ ਕਰਨੈਲ ਸਿੰਘ ਦੀ ਯਾਦਦਾਸ਼ਤ ਬਹੁਤ ਜ਼ਿਆਦਾ ਸੀ। ਇਕ ਇਕ ਗਿਆਨਵਾਨ ਵਿਚਾਰ ਰੇਡੀਓ ਦੀ ਸਾਰਿਆਂ ਨਾਲ ਸਾਂਝੀ ਕਰਦਾ ਸੀ ਤੇ ਠੰਢੂ ਰਾਮ ਹੋਰਾਂ ਦੀਆਂ ਖੇਤੀਬਾੜੀ ਬਾਰੇ ਗਤੀਵਿਧੀਆ ਬਾਰੇ ਸਭ ਲੋਕਾਂ ਨੂੰ ਪਿੰਡ ਵਿਚ ਸਿੱਖਿਆ ਰੂਪੀ ਦਿੰਦਾ ਸੀ।

ਇਸ ਦੌਰਾਨ ਮੈਂ ਪੜ੍ਹਦਾ ਸੀ ਪੜ੍ਹਦਾ ਹੀ ਮੈਂ ਰੇਡੀਓ ਸੁਣਨਾ ਸ਼ੁਰੂ ਕਰ ਦਿੱਤਾ, ਹੌਲੀ ਰੇਡੀਓ ਦੀਆਂ ਸਿੱਖਿਆਦਾਇਕ ਵਿਚਾਰਾਂ ਗੱਲਾਂ ਮੈਂ ਵਧੀਆ ਲੱਗਣ ਲੱਗੀਆਂ ਅਤੇ ਸਮਾਂ ਪਾ ਕੇ ਮੈਂ ਰੇਡੀਓ ਸੁਣਨ ਦਾ ਸ਼ੌਕੀ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਹੋ ਗਿਆ ਅੱਜ ਮੈਂ ਦੋ ਰੇਡੀਓ ਰੱਖੇ ਹਨ ਇਕ ਚਾਰਜ ਲਾ ਦੇਈਦਾ, ਦੂਸਰਾ ਚਲਦਾ ਰਹਿੰਦਾ ਕੋਈ ਵੀ ਪ੍ਰੋਗਰਾਮ ਸੁਣਨ ਤੋਂ ਅਜਾਈ ਨਹੀਂ ਜਾਣ ਦਿੰਦਾ ਹਾਂ। ਰੇਡੀਓ ਗਿਆਨ ਦਾ ਭੰਡਾਰ ਹੈ ਅਤੇ ਜਾਣਕਾਰੀਆਂ ਦਾ ਸੋਮਾ ਆਰਥਿਕ ਸਮਾਜਿਕ ਧਾਰਮਿਕ ਸਥਿਤੀਆਂ ਦੇ ਬਾਰੇ ਜਾਣਕਾਰੀਆਂ ਦਿੰਦਾ ਰਹਿੰਦਾ ਹੈ। ਮੈਂ ਤਕਰੀਬਨ 60 ਸਾਲ ਤੋਂ ਰੇਡੀਓ ਸੁਣਦਾ ਆ ਰਿਹਾ ਹਾਂ। ਜਿੰਨਾਂ ਮੈਂ ਰੇਡੀਓ ਤੋਂ ਸਿਖਿਆ ਲਈ ਇਕ ਕਾਗਜ ਉੱਪਰ ਲਿਖਣਾ ਮੁਮਕਿਨ ਨਹੀਂ ਹੈ। ਜੀਵਨ ਦੀ ਉਤਰਾਈਆਂ ਚੜ੍ਹਾਈਆਂ ਤਕਲੀਫਾਂ, ਕਸ਼ਟਾਂ ਦਾ ਨਿਵਾਰਣ ਅਗਾਂਹ ਵਧੂ ਵਿਅਕਤੀਆਂ ਨਾਲ ਮੁਲਾਕਾਤਾਂ ਕਰਕੇ ਕਰਦਾ ਹੈ। ਕਈ ਪਹਿਲਾਂ ਆਪਣੀ ਰਿਸ਼ਤੇਦਾਰੀ ਵਿਚ ਸਾਈਕਲ ਤੇ ਜਾਂਦੇ ਸਨ। ਮੈਂ ਸਾਈਕਲ ਦੀ ਟੋਕਰੀ ਵਿਚ ਜਾਂ ਮੋਢੇ ਪਾ ਸੁਣਦਾ ਜਾਂਦਾ ਸੀ ਅਤੇ ਗੁੱਟ ਤੇ ਐਚ ਐਮ ਟੀ ਘੜੀ ਬੰਨ ਕੇ ਆਪਣੇ ਸ਼ੌਕ ਨੂੰ ਹੋਰ ਚਾਰ ਚੰਨ ਲਾਉਂਦਾ ਸੀ ਘੜੀ ਤੋਂ ਸਮੇਂ ਮੁਤਾਬਕ ਰੇਡੀਓ ਦਾ ਬਟਨ ਟਪਕੇ ਪ੍ਰੋਗਰਾਮ ਸਮੇਂ ਸਿਰ ਸੁਣ ਕੇ ਗਿਆਨ ਪ੍ਰਾਪਤ ਕਰਦਾ ਕਦੇ ਥੱਕਦਾ ਨਾ। ਤੜਕੇ 4 ਵਜੇ ਗੁਰਬਾਣੀ ਅੰਮ੍ਰਿਤਸਰ ਤੋਂ ਸਰਵਣ ਕਰਦਾ ਸਾਂ। ਇਤਨਾ ਜਨੂੰਨ ਮਿਲਦਾ ਕਿ ਕਿ ਲਵੋ ਰੱਬ ਦਾ ਨਾਮ ਅਤੇ ਦਿਹਾਤੀ ਪ੍ਰੋਗਰਾਮ ਖੇਤੀ ਦੇ ਨੁਕਤਿਆਂ ਚਾਨਣ ਪਾਉਂਦਾ ਸੀ। ਡਾਕਟਰਾਂ ਅਗਾਂਹਵਧੂ ਕਿਸਾਨਾਂ ਖੇਤੀ ਮਾਹਰਾਂ, ਰੋਹ ਸੇਹਤ ਸਬੰਧੀ ਮਾਹਰ ਦੀ ਮਲਾਕਾਤਾਂ ਸੁਣਕੇ ਸੱਥ ਵਿਚ ਬੈਠ ਤਾਏ ਕਰਨੈਲ ਸਿੰਘ ਵਾਂਗ ਭਾਸ਼ਨ ਕਰਨਾ ਸ਼ੁਰੂ ਕਰ ਦਿੰਦਾ ਹਾਂ ਅਤੇ ਰੇਡੀਓ ਤੋਂ ਬੋਲੀ ਗਈ। ਹਰ ਇਕ ਗੱਲ ਮੁਲਾਕਾਤਾਂ ਕਸਵੱਟੀ ਤੇ ਪਰਖੀ 16 ਆਨੇ ਸੱਚ ਨਿਕਲਦੀ ਹੈ। ਖੇਤੀ ਦੇ ਸਬੰਧੀ ਵਿਚ ਜੋ ਨੁੱਕਤੇ ਦੱਸੇ ਜਾਂਦੇ ਹਨ ਉਹ ਹੋਰ ਕਿਤੋਂ ਪ੍ਰਾਪਤ ਕਰਨੇ ਔਖੇ ਹਨ ਅਤੇ ਖੇਤੀ ਮਸ਼ੀਨਰੀ ਤੇ ਨਵੀਆਂ ਤਕਨੀਕਾਂ ਸਾਡੇ ਕਿਸਾਨਾਂ ਲਈ ਲਾਹੇਵੰਦ ਹੋ ਰਹੀਆਂ ਹਨ। ਅਗਾਂਹ-ਵਧੂ ਦੇ ਕਿਸਾਨਾਂ ਦੇ ਤਜ਼ਰਬੇ ਜੋ ਰੇਡੀਓ ਸਾਨੂੰ ਪਰੋਸਦਾ ਹੈ। ਅਸੀਂ ਉਸ ਉੱਪਰ ਚਲਕੇ ਆਪਣੇ ਮੁਨਾਫੇ ਵਿਚ ਵਾਧਾ ਕਰਦੇ ਹਾਂ।

ਅਖੀਰ ਵਿਚ ਮੈਂ ਇਹ ਲਿਖਣਾ ਚਾਹੁੰਦਾ ਹਾਂ ਕਿ ਸਾਨੂੰ ਰੇਡੀਓ ਸਭ ਨੂੰ ਸੁਣਨ ਦੀ ਆਦਤ ਪਾਉਣੀ ਇਕ ਤਰੱਕੀ ਪਸੰਦ ਕਦਮ ਹੈ। ਅਸੀਂ ਤਰੱਕੀ ਦੇਰਾਹਾਂ ਦੇ ਖੋਜੀ ਬਣਕੇ ਆਪਣੀ ਜੀਵਨ ਦੀ ਚਾਲ ਮੱਧਮ, ਧੀਮੀ, ਪ੍ਰੇਮ ਭਰੀ, ਸਬਰ, ਸੰਤੋਖ ਸਹਿਣਸ਼ੀਲਤਾ ਭਰੀ ਬਣਾਉਣ ਦੇ ਕਾਬਲ ਹੋ ਅਸਮਾਨੀ ਬਲੰਦੀਆਂ ਨੂੰ ਛੋਹ ਸਕਦੇ ਹਾਂ। ਮੈਂ ਰੇਡੀਓ ਦਾ ਸਾਥੀ ਹਾਂ ਤੇ ਰੇਡੀਓ ਮੇਰਾ ਜੀਵਨ ਦਾ ਮਿੱਤਰ ਹੈ। ਮੇਰੇ ਜੀਵਨ ਨੂੰ ਖੁਸ਼ਹਾਲ ਸਹਿਣਸ਼ੀਲਤਾ ਭਰਿਆ ਬਣਾਉਣਾ ਵੀ ਰੇਡੀਓ ਦਾ ਪਿਆਰਾ ਕਦਮ ਹੈ। ਇਸੇ ਤਰ੍ਹਾਂ ਹੀ ਰੇਡੀਓ ਸਮਾਜ ਦੀ ਸੇਵਾ ਕਰਦਾ ਰਹੇ।

# ਕੁਦਰਤ ਦੀ ਅਨਮੋਲ ਵਿਰਾਸਤ ਚਿੜੀ

ਬੇਟੇ ਉਦੇਨੂਰ ਨੇ ਅੰਗਰੇਜ਼ੀ ਵਿਸ਼ੇ ਦੀ ਕਹਾਣੀ ਵਿੱਚ ਲੁਪਤ ਹੋ ਚੁੱਕੇ ਜਾਨਵਰ ਬਾਰੇ ਪੜਦਿਆਂ ਪੁੱਛਿਆ, "ਪਾਪਾ, ਪੁਸ਼ਮੀ ਪੁਲਯੂ ਜਾਨਵਰ ਸੱਚਮੁੱਚ ਹੁੰਦੇ ਸਨ ?"

ਅਫਰੀਕਾ ਦੇ ਜੰਗਲਾਂ ਵਿੱਚ ਰਹਿਣ ਵਾਲੇ ਇਸ ਜਾਨਵਰ ਦੀ ਵਿਸ਼ੇਸ਼ਤਾ ਸੀ ਕਿ ਇਸ ਦੀ ਪੂਛ ਨਹੀਂ ਸੀ ਸਗੋਂ ਦੋਹਾਂ ਸਿਰਿਆਂ ਤੇ ਸਿਰ ਹੀ ਸਨ। ਪਰ ਇਸ ਜਾਨਵਰ ਦੀ ਕੋਈ ਬਹੁਤੀ ਜਾਣਕਾਰੀ ਬਾਰੇ ਅਸਮਰੱਥਤਾ ਪ੍ਰਗਟਾਉਂਦਿਆਂ ਮੇਰਾ ਧਿਆਨ ਬਚਪਨ ਵਿੱਚ ਵੇਖੇ ਕਈ ਹੋਰ ਜਾਨਵਰ ਅਤੇ ਪੰਛੀਆਂ ਵੱਲ ਗਿਆ ਜੋ ਸਮੇਂ ਦੇ ਵੇਗ ਨਾਲ ਘੱਟ ਹੋ ਰਹੇ ਹਨ। ਉਦਾਹਰਣ ਵਜੋਂ ਘਰੇਲੂ ਚਿੜੀ ਜਿਸਨੂੰ ਅਸੀਂ ਘਰਾਂ ਦੇ ਵਿਹੜਿਆਂ ਵਿਚ ਆਮ ਵੇਖਦੇ ਸਾਂ, ਪਰ ਅਫਸੋਸ ! ਅਜੋਕੀ ਪੀੜ੍ਹੀ



ਇਸਦੀ ਜੀਵਨ ਸ਼ੈਲੀ ਤੋਂ ਲੱਗਭਗ ਅਣਜਾਣ ਹੀ ਹੈ। ਘਰੇਲੂ ਚਿੜੀ ਜਿਸਦੀ ਲੰਬਾਈ ਛੇ ਇੰਚ ਦੇ ਕਰੀਬ ਹੁੰਦੀ ਹੈ। ਇਹ ਹਲਕੇ ਭੂਰੇ ਜਾਂ ਸਫੈਦ ਘਸਮੈਲੇ ਰੰਗ ਦੀ ਹੁੰਦੀ ਹੈ। ਇਸਦੇ ਸਰੀਰ ਉਤੇ ਛੋਟੇ-ਛੋਟੇ ਖੰਭ ਅਤੇ ਪੀਲੀ ਤਿੱਖੀ ਸਖਤ ਚੁੰਝ ਹੁੰਦੀ ਹੈ। ਇਸ ਦਾ ਭਾਰ 24 ਤੋਂ 39.5 ਗ੍ਰਾਮ ਦੇ ਵਿਚਕਾਰ ਹੁੰਦਾ ਹੈ। ਚਿੜੀਆਂ ਸਾਰਾ ਸਾਲ ਬੱਚੇ ਦੇ ਸਕਦੀਆਂ ਹਨ ਪਰ ਜ਼ਿਆਦਾਤਰ ਨਰਾਂ ਉੱਤੇ ਬਹਾਰ ਉਸ ਵੇਲੇ ਆਉਂਦੀ ਹੈ ਜਿਸ ਵੇਲੇ ਦਾਣੇ ਅਤੇ ਕੀੜੇ-ਮਕੌੜੇ ਬਹੁਤ ਹੁੰਦੇ ਹਨ। ਚਿੜੀਆਂ ਜ਼ਮੀਨ ਉੱਤੇ ਟੁਸੀਆਂ ਮਾਰ-ਮਾਰ ਕੇ ਘਾਹ ਦੇ ਬੀਜ, ਖੇਤਾਂ ਵਿੱਚ ਡਿੱਗੇ ਹੋਏ ਦਾਣੇ ਅਤੇ ਕੀੜੇ-ਮਕੌੜੇ ਖਾਂਦੀਆਂ ਹਨ। ਸਖਤ ਦਾਣਿਆਂ ਨੂੰ ਹਜ਼ਮ ਕਰਨ ਵਾਸਤੇ ਚਿੜੀਆਂ ਘੋਗੇ, ਅੰਡਿਆਂ ਦੇ ਛਿਲਕੇ ਅਤੇ ਛੋਟੇ ਰੋੜ ਖਾਂਦੀਆਂ ਹਨ। ਇਸਦੇ ਨਰ ਸ਼ਤੀਰਾਂ ਅਤੇ ਬਾਲਿਆਂ ਦੀਆਂ ਛੱਤਾਂ ਵਿੱਚ ਆਪਣਾ ਆਲ੍ਹਣਾ ਬਣਾਉਂਦੇ ਹਨ। ਮਾਦਾ ਆਲ੍ਹਣੇ ਵਿੱਚ 4 ਤੋਂ 5 ਅੰਡੇ ਦਿੰਦੀ ਹੈ। ਉਹ ਸਾਲ ਵਿੱਚ ਦੋ ਤੋਂ ਸੱਤ ਵਾਰ ਅੰਡੇ ਦੇ ਸਕਦੀ ਹੈ ਅਤੇ ਦਿੱਤੇ ਅੰਡਿਆਂ ਵਿੱਚੋਂ 14 ਤੋਂ 16 ਦਿਨਾਂ ਬਾਅਦ ਬੋਟ ਨਿਕਲ ਆਉਂਦੇ ਹਨ। ਇਹਨਾਂ ਦਾ ਰੰਗ ਗੁਲਾਬੀ ਅਤੇ ਅੱਖਾਂ ਬੰਦ ਹੁੰਦੀਆਂ ਹਨ। ਚਾਰ ਦਿਨ ਬਾਅਦ ਬੋਟਾਂ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ, ਜਦੋਂ ਕਿ ਅੱਠ ਦਿਨਾਂ ਬਾਅਦ ਖੰਭ ਨਿਕਲਣੇ ਸ਼ੁਰੂ ਹੋ ਕੇ ਸੋਲਾਂ ਦਿਨ ਬਾਅਦ ਉੱਡਣ ਯੋਗ ਹੋ ਜਾਂਦੇ ਹਨ। ਇਹਨਾਂ ਦਿਨਾਂ ਵਿੱਚ ਨਰ ਅਤੇ ਮਾਦਾ ਉਹਨਾਂ ਨੂੰ ਪ੍ਰੋਟੀਨ ਯੁਕਤ ਖੁਰਾਕ ਕੀੜੇ-ਮਕੌੜੇ ਹੀ ਖੁਆਉਂਦੇ ਹਨ। ਚਿੜੀਆਂ ਬਹੁਤ ਸਫਾਈ ਪਸੰਦ ਪੰਛੀ ਹਨ। ਜਦੋਂ ਬੱਚੇ ਛੋਟੇ ਹੁੰਦੇ ਹਨ ਤਾਂ ਨਰ ਅਤੇ ਮਾਦਾ ਉਹਨਾਂ ਦੀਆਂ ਵਿੱਠਾਂ ਆਲ੍ਹਣੇ ਤੋਂ ਬਾਹਰ ਸੁੱਟਦੇ ਰਹਿੰਦੇ ਹਨ ਅਤੇ ਆਲ੍ਹਣੇ ਨੂੰ ਸਾਫ ਰੱਖਦੇ ਹਨ। ਇਹ ਆਪਸ ਵਿੱਚ ਸਾਰੀ ਉਮਰ ਵਫਾਦਾਰ ਰਹਿੰਦੇ ਹਨ। ਇਹਨਾਂ ਦਾ ਜੀਵਨ ਕਾਲ ਲੱਗਭੱਗ 20 ਸਾਲ ਤੱਕ ਦਰਜ ਕੀਤਾ ਗਿਆ ਹੈ।

ਮਨੁੱਖ ਦੀ ਹਮਸਫਰ ਰਹੀ ਚਿੜੀ ਦੀ ਘੱਟ ਰਹੀ ਗਿਣਤੀ ਤੋਂ ਚਿੰਤਿਤ ਹੁੰਦਿਆਂ ਸਾਲ 2010 ਤੋਂ ਹਰ ਸਾਲ 20 ਮਾਰਚ ਨੂੰ ਵਿਸ਼ਵ ਚਿੜੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਿਸਦਾ ਮੰਤਵ ਲੋਕਾਂ ਨੂੰ ਚਿੜੀਆਂ ਅਤੇ ਘੱਟ ਹੋ ਰਹੀਆਂ ਦੂਜੀਆਂ ਪ੍ਰਜਾਤੀਆਂ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕਰਨਾ ਹੈ।

ਹਜ਼ਾਰਾਂ ਸਾਲਾਂ ਤੋਂ ਮਨੁੱਖ ਦੇ ਨਾਲ ਰਹਿੰਦੀ ਰਹੀ ਚਿੜੀ ਦੇ ਘੱਟਣ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਪ੍ਰਮੁੱਖ ਮਨੁੱਖ ਦੀ ਕੁਦਰਤ ਪ੍ਰਤੀ ਨਾ ਸਮਝੀ ਜਾਂ ਅਣਗਹਿਲੀ ਕਹੀ ਜਾ ਸਕਦੀ ਹੈ। ਮਨੁੱਖ ਅਖੌਤੀ ਵਿਕਾਸ ਕਰਦਿਆਂ ਭੁੱਲ ਜਾਂਦਾ ਹੈ ਕਿ ਬਲਿਹਾਰੀ ਕੁਦਰਤ ਵੱਸਿਆ ਦੇ ਮਹਾਂਵਾਕ ਅਨੁਸਾਰ ਕੁਦਰਤ ਵਿੱਚ ਹੀ ਪ੍ਰਮਾਤਮਾ ਵੱਸਦਾ ਹੈ ਅਤੇ ਪੰਛੀ ਕੁਦਰਤ ਦੀ ਸੁੰਦਰਤਾ ਦੇ ਪ੍ਰਤੀਕ ਹਨ। ਨਵੇਂ ਉਸਾਰੇ ਜਾ ਰਹੇ ਲੈਂਟਰਾਂ ਵਾਲੇ ਪੱਕੇ ਮਕਾਨ, ਉਹਨਾਂ ਨੂੰ ਲਗਾਏ ਜਾਲੀਆਂ ਵਾਲੇ ਦਰਵਾਜ਼ਿਆਂ ਨੇ ਚਿੜੀਆਂ ਦੇ ਪਸੰਦੀਦਾ ਰੈਣ ਬਸੇਰਿਆਂ ਨੂੰ ਲੱਗਭੱਗ ਖੋਹ ਹੀ ਲਿਆ ਹੈ।

ਆਧੁਨਿਕ ਖੇਤੀ ਕਰਦਿਆਂ ਅਨੇਕਾਂ ਜੀਵ-ਜੰਤੂਆਂ ਦੀ ਹੋਂਦ ਨੂੰ ਅਣਗੌਲਿਆਂ ਕਰਕੇ ਵੱਧ ਝਾੜ ਲੈਣ ਦੀ ਫਿਰਾਕ ਵਿੱਚ ਲੋੜ ਤੋਂ ਵੱਧ ਰਸਾਇਣਕ ਖਾਦਾਂ ਅਤੇ ਕੀੜੇ ਮਾਰ ਜ਼ਹਿਰਾਂ ਦੀ ਵਰਤੋਂ ਦੁਆਰਾ ਪੰਛੀਆਂ ਦੇ ਪ੍ਰਜਣਨ ਵਿੱਚ ਗੜਬੜ ਪੈਦਾ ਹੋ ਜਾਂਦੀ ਹੈ ਜਦ ਕਿ ਜ਼ਹਿਰੀਲੇ ਬੀਜਾਂ ਨਾਲ ਇਹਨਾਂ ਦੀ ਮੌਤ ਹੋ ਜਾਂਦੀ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਝਾੜੀਆਂ ਅਤੇ ਰੁੱਖਾਂ ਵਿੱਚ ਬਣਾਏ ਪੰਛੀਆਂ ਦੇ ਆਲ੍ਹਣੇ ਸੜ ਜਾਂਦੇ ਹਨ ਅਤੇ ਅੱਗ ਦੇ ਸੇਕ ਅਤੇ ਧੂੰਏ ਦੇ ਨਾਲ ਪੰਛੀਆਂ ਦੀ ਮੌਤ ਹੋ ਜਾਂਦੀ ਹੈ। ਇਕ ਪਾਸੇ ਰੁੱਖਾਂ ਦੀ ਅੰਧਾ-ਧੁੰਦ ਕਟਾਈ ਪੰਛੀਆਂ ਦੇ ਘੱਟ ਹੋਣ ਲਈ ਜ਼ਿੰਮੇਵਾਰ ਹੈ। ਦੂਜੇ ਪਾਸੇ ਖੂਬਸੂਰਤੀ ਦੀ ਦੌੜ ਵਿੱਚ ਸਜਾਵਟੀ ਬੂਟਿਆਂ ਪ੍ਰਤੀ ਮਨੁੱਖ ਦਾ ਵੱਧ ਰਿਹਾ ਝੁਕਾਅ ਵੀ ਪੰਛੀਆਂ ਲਈ ਨੁਕਸਾਨਦਾਇਕ ਸਾਬਿਤ ਹੋ ਰਿਹਾ ਹੈ। ਚਿੜੀਆਂ ਅਤੇ ਹੋਰ ਕਈ ਪੰਛੀਆਂ ਦੇ ਅਲੋਪ ਹੋਣ ਦਾ ਦੂਜਾ ਵੱਡਾ ਕਾਰਨ ਗੰਧਲਾ ਹੋ ਰਿਹਾ ਵਾਤਾਵਰਣ, ਪਾਣੀ ਦੇ



ਸੋਮਿਆਂ ਦਾ ਖਤਮ ਜਾਂ ਦੂਸ਼ਿਤ ਹੋਣਾ, ਮੋਬਾਇਲ ਟਾਵਰਾਂ ਅਤੇ ਇੰਟਰਨੈੱਟ ਸੁਵਿਧਾਵਾਂ 'ਚੋਂ ਨਿਕਲਣ ਵਾਲੀਆਂ ਤਰੰਗਾਂ, ਫੈਕਟਰੀਆਂ ਅਤੇ ਭੱਠਿਆਂ ਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ ਅਤੇ ਧਰਤੀ ਦਾ ਵਧ ਰਿਹਾ ਤਾਪਮਾਨ ਵੀ ਹਨ।

ਮਨੁੱਖੀ ਸੁਭਾਅ ਹੈ ਕਿ ਜਦੋਂ ਕੋਈ ਚੀਜ਼ ਬਹੁਤਾਤ ਵਿੱਚ ਹੁੰਦੀ ਹੈ ਤਾਂ ਅਸੀਂ ਇਸਦੀ ਬਹੁਤੀ ਕਦਰ ਨਹੀਂ ਕਰਦੇ, ਪਰ ਜਦੋਂ ਘੱਟ ਜਾਂਦੀ ਹੈ ਤਾਂ ਸਾਨੂੰ ਅਹਿਮੀਅਤ ਸਮਝ ਆਉਂਦੀ ਹੈ। ਉਦਾਹਰਣ ਵਜੋਂ ਚੀਨ ਦੇ ਮੁੱਖੀ ਮਾਓ ਜੇ ਡਾਂਗ ਵਲੋਂ ਸਾਲ 1958 ਵਿੱਚ ਚਿੜੀ ਨੂੰ ਚਾਰ ਹਾਨੀਕਾਰਕ ਕੀੜੇ-ਮਕੌੜਿਆਂ, ਚੂਹੇ, ਮੱਛਰ ਅਤੇ ਮੱਖੀਆਂ ਦੀ ਸੂਚੀ ਵਿੱਚ ਸ਼ਾਮਿਲ ਕਰਕੇ ਵੱਡੇ ਪੱਧਰ ਤੇ ਖਤਮ ਕੀਤਾ ਸੀ। ਸ਼ੁਰੂ ਵਿੱਚ ਚਿੜੀਆਂ ਦੇ ਘਟਣ ਨਾਲ ਫਸਲਾਂ ਦੇ ਉਤਪਾਦਨ ਵਿੱਚ ਵੱਡਾ ਇਜ਼ਾਫਾ ਹੋਇਆ ਪਰ ਬਾਅਦ ਵਿੱਚ ਫਸਲਾਂ ਵਿੱਚ ਕੀੜੇ-ਮਕੌੜਿਆਂ ਦੀ ਭਰਮਾਰ ਨੇ ਫਸਲਾਂ ਤਬਾਅ ਕਰ ਦਿੱਤੀਆਂ। ਜਿਸ ਕਾਰਣ ਦੇਸ਼ ਵਿਚ ਭਿਆਨਕ ਭੁੱਖ ਮਰੀ ਨਾਲ ਗੈਰ ਸਰਕਾਰੀ ਅੰਕੜੇ ਅਨੁਸਾਰ ਤਿੰਨ ਕਰੋੜ ਪੰਜਾਹ ਲੱਖ ਤੋਂ ਵੱਧ ਮੌਤਾਂ (ਸਰਕਾਰੀ ਅੰਕੜੇ ਅਨੁਸਾਰ 1 ਕਰੋੜ 50 ਲੱਖ) ਦਰਜ਼ ਕੀਤੀਆਂ ਗਈਆਂ। ਜਾਂਚ ਦੌਰਾਨ ਪੰਛੀ ਵਿਗਿਆਨੀਆਂ ਦੇ ਤਜ਼ਰਬਿਆਂ ਦੇ ਅਧਿਐਨ ਤੋਂ ਪਾਇਆ ਗਿਆ ਕਿ ਚਿੜੀਆਂ ਜਿੱਥੇ ਬੀਜ ਅਤੇ ਦਾਣੇ ਖਾਂਦੀਆਂ ਹਨ ਉਥੇ ਉਹਨਾਂ ਦੇ ਬੋਟ (ਬੱਚੇ) ਕੀੜੇ-ਮਕੌੜੇ ਖਾ ਕੇ ਗੁਜ਼ਾਰਾ ਕਰਦੇ ਹਨ। ਜਿਸ ਨਾਲ ਹਾਨੀਕਾਰਕ ਕੀੜੇ-ਮਕੌੜਿਆਂ ਦਾ ਵਾਧਾ ਨਿਯੰਤਰਣ ਵਿੱਚ ਰਹਿੰਦਾ ਹੈ। ਇਸ ਭੁੱਲ ਨੂੰ ਸੁਧਾਰਦਿਆਂ ਸਾਲ 1960 ਤੋਂ ਚੀਨ ਨੇ ਚਿੜੀਆਂ ਦੀ ਸਾਂਭ-ਸੰਭਾਲ ਲਈ ਮੁੜ ਤੋਂ ਯਤਨ ਆਰੰਭ ਕਰ ਦਿੱਤੇ।

ਗੁਰਬਾਣੀ ਵਿੱਚ ਲਿਖਿਆ ਹੈ -

ਚਿੜੀ ਚੁਹਕੀ ਪਹੁਫੁਟੀ<br>
ਵਗਨਿ ਬਹੁਤ ਤਰੰਗ ॥<br>
ਅਚਰਜ ਰੂਪ ਸੰਤਨ ਰਚੇ<br>
ਨਾਨਕ ਨਾਮ ਹਿਰੰਗ ॥

ਕੁਦਰਤ ਵਲੋਂ ਸਿਰਜੇ ਇਸ ਸੰਸਾਰ ਵਿੱਚ ਬਨਸਪਤੀ, ਜੀਵ-ਜੰਤੂ, ਪੰਛੀ ਅਤੇ ਮਨੁੱਖ ਇਕ ਦੂਜੇ ਦੇ ਪੂਰਕ ਹਨ। ਇਹਨਾਂ ਦਾ ਜੀਵਨ ਆਪਸੀ ਸਹਿ ਹੋਂਦ ਨਾਲ ਹੀ ਹੈ। ਸੋ, ਇਸ ਤਰ੍ਹਾਂ ਅਜੋਕੇ ਸਮੇਂ ਦੀ ਲੋੜ ਹੈ ਕਿ ਅਸੀਂ ਇਹਨ੍ਹਾਂ ਚਿੜੀਆਂ ਅਤੇ ਅਜਿਹੇ ਹੋਰ ਜੀਵਾਂ ਪ੍ਰਤੀ ਸੰਜੀਦਾ ਹੋ ਜਾਈਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਕੁਦਰਤ ਦੇ ਅਜਿਹੇ ਰੰਗੀਨ ਨਜ਼ਾਰਿਆਂ ਅਤੇ ਮਨਮੋਹਕ ਚਿੜੀ ਆਂ ਵਰਗੀ ਅਨਮੋਲ ਵਿਰਾਸਤ ਤੋਂ ਵਾਂਝੇ ਨਾ ਰਹਿ ਜਾਣ।

# ਦਸੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਅਲਾਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਸੇਂਜੂ ਹਾਲਤਾਂ ਵਿਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ-752, ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-757 ਦੀ ਕਾਸ਼ਤ ਕਰੋ । ਬਿਜਾਈ ਵੇਲੇ 55 ਕਿਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ । ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ । ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ । ਪਿਛੇਤੀ ਬੀਜੀ ਜਾਣ ਵਾਲੀ ਕਣਕ ਵਿੱਚ ਵੀ ਪੀ ਏ ਯੂ-ਪੱਤਾ ਰੰਗ ਚਾਰਟ ਨਾਲ ਖਾਦ ਪਾਈ ਜਾ ਸਕਦੀ ਹੈ । ਪਹਿਲੇ ਅਤੇ ਦੂਜੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਅਤੇ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਯੂਰੀਆ ਪ੍ਰਤੀ ਏਕੜ ਪਾਓ ।



ਸਿੱਟੇ ਦੀ ਕਾਂਗਿਆਰੀ ਅਤੇ ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਲਈ ਬੀਜ ਨੂੰ ਰੈਕਸਿਲ ਈਜ਼ੀ/ਓਰੀਅਸ 6 ਐਫ ਐਸ 13 ਮਿ.ਲਿ. ਜਾਂ ਵੀਟਾਵੈਕਸ ਪਾਵਰ 120 ਗ੍ਰਾਮ ਜਾਂ ਵੀਟਾਵੈਕਸ 80 ਗ੍ਰਾਮ ਜਾਂ ਟੈਬੂਸੀਡ/ਸੀਡੈਕਸ/ਐਕਸਜ਼ੋਲ 40 ਗ੍ਰਾਮ ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ ।

ਸਿਉਂਕ ਫਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ । ਇਸ ਦੇ ਹਮਲੇ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਮਰੇ ਬੂਟੇ ਸੌਖੇ ਹੀ ਪੁੱਟੇ ਜਾ ਸਕਦੇ ਹਨ । ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ/ਰੂਬਾਨ/ਡਰਮਟ 20 ਈ ਸੀ (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿਉਨੈਕਸ 20 ਐਫ ਐਸ (ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਲੈ ਕੇ ਇਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ । ਨਿਉਨੈਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ । ਬੀਜ ਦੀ ਸੋਧ ਬਿਜਾਈ ਤੋਂ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ । ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ । ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟਲ 0.3 ਜੀ ਜਾਂ 1.2 ਲਿਟਰ ਡਰਸਬਾਨ 20 ਈ ਸੀ (ਕੋਲੋਰਾਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ ।



ਜੇਕਰ ਕਣਕ ਵਿੱਚ ਚੌੜੇ ਪੱਤੇ ਵਾਲੇ ਨਦੀਨ ਹੋਣ ਤਾਂ 250 ਗ੍ਰਾਮ ਪ੍ਰਤੀ ਏਕੜ 2, 4-ਡੀ ਦੀ ਵਰਤੋਂ ਕਣਕ ਦੀ ਬਿਜਾਈ ਤੋਂ 35-45 ਦਿਨਾਂ ਵਿੱਚ ਕਰੋ ਅਤੇ ਪਿਛੇਤੀ ਬੀਜੀ ਫਸਲ ਤੇ 45 ਤੋਂ 55 ਦਿਨਾਂ ਵਿੱਚ ਕਰੋ । ਸਖਤ ਜਾਨ ਨਦੀਨਾਂ ਜਿਵੇਂ ਜੰਗਲੀ ਪਾਲਕ, ਮੈਣਾ, ਮੈਣੀ, ਸੇਂਜੀ, ਤਕਲਾ ਆਦਿ ਲਈ ਐਲਗਰਿਪ / ਐਲਗਰਿਪ ਰਾਇਲ / ਮਾਰਕਗਰਿਪ (ਮੈਟਸਲਫੂਰਾਨ 20 ਤਾਕਤ) 10 ਗ੍ਰਾਮ/ਏਕੜ 150 ਲਿਟਰ ਪਾਣੀ ਨਾਲ 30-35 ਦਿਨਾਂ ਪਿੱਛੋਂ ਛਿੜਕਾਅ ਕਰੋ । ਜਿਨ੍ਹਾਂ ਖੇਤਾਂ ਵਿੱਚ ਬਟਨ ਬੂਟੀ ਦੀ ਸਮੱਸਿਆ ਹੋਵੇ, ਉੱਥੇ ਏਮ/ਅਫਿਨਟੀ (ਕਾਰਫੈਨਟਾਜ਼ੋਨ ਈਥਾਇਲ 40 ਡੀ ਐਫ) 20 ਗ੍ਰਾਮ / ਏਕੜ ਨੂੰ 200 ਲਿਟਰ ਪਾਣੀ ਨਾਲ 25-30 ਦਿਨਾਂ ਪਿੱਛੋਂ ਛਿੜਕਾਅ ਕਰੋ । ਜਿੱਥੇ ਮਕੋਹ, ਜੰਗਲੀ ਪਾਲਕ, ਰਾਰੀ, ਹਿਰਨਖੁਰੀ ਹੋਵੇ, ਤਾਂ ਉੱਥੇ ਲਾਂਫਿਡਾ 50 ਡੀ ਐਫ 20 ਗ੍ਰਾਮ ਪ੍ਰਤੀ ਏਕੜ ਬਿਜਾਈ ਤੋਂ 25-30 ਦਿਨਾਂ ਵਿੱਚ 200 ਲਿਟਰ ਪਾਣੀ ਵਰਤ ਤੇ ਛਿੜਕਾਅ ਕਰੋ ।

ਗੁੱਲੀ ਡੰਡੇ ਅਤੇ ਜੰਗਲੀ ਜਵੀ ਜੌਂਧਰ ਦੀ ਰੋਕਥਾਮ ਲਈ ਆਈਸੋਪ੍ਰੋਟੂਰੋਨ ਨਦੀਨ ਨਾਸ਼ਕ ਦਾ ਛਿੜਕਾਅ ਪਹਿਲੇ ਪਾਣੀ ਤੋਂ 2-3 ਦਿਨ ਪਹਿਲਾਂ ਕਰੋ । ਭਾਰੀਆਂ ਜ਼ਮੀਨਾਂ ਲਈ ਆਈਸੋਪ੍ਰੋਟੂਰੋਨ 75 ਡਬਲਯੂ ਪੀ 500 ਗ੍ਰਾਮ ਅਤੇ ਦਰਮਿਆਨੀਆਂ ਜ਼ਮੀਨਾਂ ਲਈ ਆਈਸੋਪ੍ਰੋਟੂਰੋਨ 75 ਡਬਲਯੂ ਪੀ 400 ਗ੍ਰਾਮ ਪ੍ਰਤੀ ਏਕੜ ਵਰਤੋ । ਹਲਕੀਆਂ ਜ਼ਮੀਨਾਂ ਲਈ ਇਸ ਨਦੀਨ ਨਾਸ਼ਕ ਦੀ ਮਾਤਰਾ 300 ਗ੍ਰਾਮ ਪ੍ਰਤੀ ਏਕੜ ਵਰਤੋ ਜਾਂ ਸਲਫੋਸਲਫੂਰਾਨ 13 ਗ੍ਰਾਮ ਪ੍ਰਤੀ ਏਕੜ ਦਾ ਪਹਿਲੇ ਪਾਣੀ ਤੋਂ 2-3 ਦਿਨ ਪਹਿਲਾਂ 150 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ (ਜਿਨ੍ਹਾਂ ਖੇਤਾਂ ਵਿਚ ਕਣਕ ਦੇ ਨਾਲ ਸਰ੍ਹੋਂ, ਰਾਇਆ, ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫਸਲ ਰਲਾ ਕੇ ਬੀਜੀ ਹੋਈ ਉੱਥੇ ਇਸ ਰਸਾਇਣ ਦੀ ਵਰਤੋਂ ਨਾ ਕਰੋ) ।

ਗੁੱਲੀ ਡੰਡੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 160 ਗ੍ਰਾਮ ਐਟਲਾਂਟਿਸ 3.6 ਡਬਲਯੂ ਡੀ ਜੀ ਜਾਂ 16 ਗ੍ਰਾਮ ਟੋਟਲ/ਮਾਰਕਪਾਵਰ 75 ਡਬਲਯੂ ਜੀ (ਐਟਲਾਂਟਿਸ 3.6 ਡਬਲਯੂ ਡੀ ਜੀ (ਮੀਜ਼ੋਸਲਫੂਰਾਨ + ਆਈਓਡੋ ਸਲਫੂਰਾਨ) 160 ਗ੍ਰਾਮ ਜਾਂ ਟੋਟਲ/ਮਾਰਕਪਾਵਰ 75 ਡਬਲਯੂ ਜੀ (ਸਲਫੋਸਲ ਫੂਰਾਨ+ਮੈਟਸਲਫੂਰਾਨ) 16 ਗ੍ਰਾਮ ਜਾਂ ਅਕੋਡ ਪਲੱਸ (ਫੋਨੋਕਸਾਪ੍ਰੋਪ + ਮੈਟਰੀਬੁਜਿਨ) 500 ਮਿਲੀਲਿਟਰ ਜਾਂ 200 ਗ੍ਰਾਮ ਸ਼ਗਨ 21-11 ਜਾਂ 240 ਗ੍ਰਾਮ ਏ ਸੀ ਐਮ-9 ਪ੍ਰਤੀ ਏਕੜ ਵਰਤੋਂ) ਦੀ ਵਰਤੋਂ 150 ਲਿਟਰ ਪਾਣੀ ਨਾਲ 30-35 ਦਿਨਾਂ ਦੀ ਫਸਲ 'ਤੇ ਕਰੋ । ਕਣਕ-ਝੋਨੇ ਦੇ ਫਸਲੀ ਚੱਕਰ ਵਿੱਚ ਅੱੜੀਅਲ ਗੁੱਲੀ ਡੰਡੇ ਨੂੰ ਮਾਰਨ ਲਈ ਬਿਜਾਈ ਤੋਂ 2 ਦਿਨਾਂ ਅੰਦਰ ਸਟੌਂਪ / ਦੋਸਤ / ਪੈਂਡਾ / ਮਾਰਕਪੈਂਡੀ / ਪੈਡਿਨ / ਬੰਕਰ / ਜਾਕੀਜਾਮਾ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਪ੍ਰਤੀ ਏਕੜ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾ ਸਲਫੋਨ) 60 ਗ੍ਰਾਮ ਪ੍ਰਤੀ ਏਕੜ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾ ਲਿਨ+ਮੈਟਰੀਬੁਜ਼ਿਨ) 1.0 ਪ੍ਰਤੀ ਏਕੜ 200 ਲਿਟਰ ਪਾਣੀ ਦੇ ਨਾਲ ਵਰਤੋ । ਇਸ ਦੇ ਨਾਲ-ਨਾਲ ਕਲੋਡੀਨਾਫੋਪ 15 ਡਬਲਯੂ ਪੀ 160 ਗ੍ਰਾਮ ਜਾਂ ਫੋਨੋਕਸਾਪ੍ਰੋਪ ਈਥਾਇਲ 10 ਈ. ਸੀ. 400 ਮਿ.ਲਿ. ਜਾਂ ਲੀਡਰ/ਐਸ ਐਫ 10/ਸਫਲ/ਮਾਰਕਸਲਫੋ 75 ਡਬਲਯੂ ਜੀ (ਸਲਫੋਸਲਫੂਰਾਨ) 13 ਗ੍ਰਾਮ ਜਾਂ ਐਕਸੀਅਲ 5 ਈ ਸੀ (ਪਿਨੋਕਸਾਡਨ) 400 ਮਿ.ਲਿ ਛਿੜਕਾਅ 150 ਲਿਟਰ ਪਾਣੀ ਦੀ ਵਰਤੋਂ ਨਾਲ 30-35 ਦਿਨਾਂ ਬਾਅਦ ਫਲੈਟ ਫੈਨ ਨੋਜ਼ਲ ਨਾਲ ਕਰੋ । ਕਣਕ ਦੀ ਪੀ ਬੀ ਡਬਲਯੂ-550 ਅਤੇ ਉੱਨਤ ਪੀ ਬੀ ਡਬਲਯੂ-550 ਕਿਸਮਾਂ ਉੱਪਰ ਅਕੋਡ ਪਲੱਸ / ਸ਼ਗਨ 21-11 ਅਤੇ ਏ ਸੀ ਐਮ-9 ਦਾ ਛਿੜਕਾਅ ਨਾ ਕਰੋ । ਹਲਕੀਆਂ ਜ਼ਮੀਨਾਂ ਵਿੱਚ ਸ਼ਗਨ ਦੀ ਵਰਤੋਂ ਨਾ ਕਰੋ । ਜਿੱਥੇ ਸਲਸਲਫੂਰਾਨ ਦੀ ਵਰਤੋਂ ਕੀਤੀ ਹੋਵੇ ਉੱਥੇ ਸਾਉਣੀ ਸਮੇਂ ਚਰ੍ਹੀ ਅਤੇ ਮੱਕੀ ਨਾ ਬੀਜੋ ।

ਅਕਤੂਬਰ ਤੋਂ ਬਾਅਦ ਬੀਜੀ ਕਣਕ ਨੂੰ ਪਹਿਲਾ ਪਾਣੀ ਬਿਜਾਈ ਦੇ ਚਾਰ ਹਫਤੇ ਬਾਅਦ ਦਿਉ । ਹਲਕੀਆਂ ਜ਼ਮੀਨਾਂ ਵਿੱਚ ਇਹ ਪਾਣੀ ਇੱਕ ਹਫਤਾ ਪਹਿਲਾਂ ਦੇਣਾ ਚਾਹੀਦਾ ਹੈ । ਹਲਕੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿੱਚ ਪਹਿਲੇ ਪਾਣੀ ਤੋਂ ਬਾਅਦ ਜ਼ਿੰਕ ਦੀ ਘਾਟ ਆ ਸਕਦੀ ਹੈ । ਜ਼ਿੰਕ ਦੀ ਘਾਟ ਬੂਟੇ ਦੇ ਉੱਪਰਲੇ ਹਿੱਸੇ ਤੇ ਤੀਸਰੇ ਜਾਂ ਚੌਥੇ ਪੱਤੇ ਤੇ ਆਉਂਦੀ ਹੈ । ਇਹ ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਪੱਤੇ ਸੁੱਕ ਕੇ ਟੁੱਟ ਜਾਂਦੇ ਹਨ । ਜੇਕਰ ਇਹੋ ਜਿਹੀਆਂ ਨਿਸ਼ਾਨੀਆਂ ਖੇਤ ਵਿੱਚ ਨਜ਼ਰ ਆਉਣ ਤਾਂ ਪ੍ਰਤੀ ਏਕੜ ਲਈ 25 ਕਿਲੋ ਜ਼ਿੰਕ ਸਲਫੇਟ (21%) ਨੂੰ ਏਨੀ ਹੀ ਮਿਕਦਾਰ ਵਿੱਚ ਮਿੱਟੀ ਲੈ ਕੇ ਮਿਲਾ ਲਉ ਅਤੇ ਛੱਟਾ ਦੇ ਦਿਉ । ਇਹ 2-3 ਸਾਲ ਲਈ ਕਾਫੀ ਹੁੰਦਾ ਹੈ । ਜ਼ਿੰਕ ਦੀ ਘਾਟ ਫਸਲ ਉੱਤੇ ਜ਼ਿੰਕ ਸਲਫੇਟ (0.5%) ਦੀ ਸਪਰੇਅ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ । ਇਕ ਏਕੜ ਲਈ ਇਕ ਕਿਲੋ ਜ਼ਿੰਕ ਸਲਫੇਟ ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ । ਹਲਕੀਆਂ ਜ਼ਮੀਨਾਂ ਵਿੱਚ ਝੋਨੇ ਤੋਂ ਬਾਅਦ ਬੀਜੀ ਕਣਕ ਉੱਪਰ ਮੈਂਗਨੀਜ਼ ਦੀ ਘਾਟ ਆ ਸਕਦੀ ਹੈ । ਜੇਕਰ ਪੱਤੇ ਦਾ ਵਿਚਕਾਰਲਾ ਹਿੱਸਾ ਪੀਲਾ ਨਜ਼ਰ ਆਵੇ ਅਤੇ ਪੱਤੇ ਉੱਪਰ ਹਲਕੇ ਸਲੇਟੀ ਤੋਂ ਗੁਲਾਬੀ ਭੂਰੇ ਰੰਗ ਦੇ ਛੋਟੇ-ਛੋਟੇ ਧੱਬੇ ਪੈ ਜਾਣ ਜੋ ਬਾਅਦ ਵਿੱਚ ਸਲੇਟੀ ਗੁਲਾਬੀ ਧਾਰੀਆਂ ਵਿੱਚ ਬਦਲ ਜਾਂਦੇ ਹਨ, ਤਾਂ ਇਹ ਮੈਂਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਹਨ । ਅਜਿਹਾ ਹੋਣ ਤੇ 0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (1 ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ ਪ੍ਰਤੀ ਏਕੜ) ਦੇ ਘੋਲ ਦਾ ਛਿੜਕਾਅ ਕਰੋ । ਜਿੱਥੇ ਪਿੱਛਲੇ ਸਾਲ ਮੈਂਗਨੀਜ਼ ਦੀ ਘਾਟ ਆਈ ਸੀ, ਇੱਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ ਦੋ-ਤਿੰਨ ਛਿੜਕਾਅ ਪਹਿਲੇ ਪਾਣੀ ਤੋਂ ਬਾਅਦ ਹਫਤੇ-ਹਫਤੇ ਦੇ ਵਕਫੇ ਤੇ ਕਰੋ । ਰੇਤਲੀਆਂ ਜ਼ਮੀਨਾਂ ਵਿੱਚ ਗੰਧਕ ਦੀ ਘਾਟ ਕਾਰਨ ਉੱਪਰਲੇ ਨਵੇਂ ਪੱਤੇ ਹਲਕੇ ਹਰੇ ਅਤੇ ਫਿਰ ਪੀਲੇ ਹੋ ਜਾਂਦੇ ਹਨ, ਜਦੋਂ ਕਿ ਹੇਠਲੇ ਪੱਤੇ ਹਰੇ ਹੀ ਰਹਿੰਦੇ ਹਨ । ਜੇਕਰ ਇਹੋ ਜਿਹੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ ਇੱਕ ਕੁਇੰਟਲ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੱਟਾ ਮਾਰੋ ਅਤੇ ਹਲਕਾ ਪਾਣੀ ਦੇ ਦਿਉ । ਨੀਮ ਪਹਾੜੀ ਇਲਾਕਿਆਂ ਵਿੱਚ ਪੀਲੀ ਕੁੰਗੀ ਦਾ ਹਮਲਾ ਹੋ ਸਕਦਾ ਹੈ । ਕਣਕ ਦੀ ਪੀਲੀ ਕੁੰਗੀ ਦੀ ਪਹਿਲੀ ਆਮਦ ਦੇਖਣ ਲਈ ਨੀਮ ਪਹਾੜੀ ਇਲਾਕਿਆਂ ਦਾ ਸਰਵੇਖਣ ਕਰੋ । ਜੇਕਰ ਪੀਲੀ ਕੁੰਗੀ ਕਣਕ ਤੇ ਦਿਖਾਈ ਦਿੰਦੀ ਹੈ ਉਸ ਨੂੰ 0.06 ਪ੍ਰਤੀਸ਼ਤ ਨਟੀਵੋ ਜਾਂ 0.15 ਪ੍ਰਤੀਸ਼ਤ ਤਾਕਤ ਜਾਂ 0.1 ਪ੍ਰਤੀਸ਼ਤ ਐਮਪੈਕਟ ਐਕਸਟਰਾ ਜਾਂ ਕੈਵੀਅਟ ਜਾਂ ਕਸਟੋਡੀਆ ਜਾਂ ਓਪੇਰਾ ਜਾਂ ਟਿਲਟ ਜਾਂ ਸ਼ਾਇਨ ਜਾਂ ਬੰਪਰ ਜਾਂ ਕੰਪਮਾਸ ਜਾਂ ਸਟਿਲਟ ਜਾਂ ਮਾਰਕਜ਼ੋਲ ਦਾ ਛਿੜਕਾਅ ਕਰਕੇ ਇਸ ਦੀ ਲਾਗ ਨੂੰ ਨਸ਼ਟ ਕਰ ਦਿਓ ।



**ਤੇਲ ਬੀਜ** : ਤੋਰੀਏ ਦੀ ਸਹੀ ਸੰਭਾਲ ਲਈ ਫਸਲ ਦੀ ਕਟਾਈ ਖਤਮ ਕਰ ਲੈਣੀ ਚਾਹੀਦੀ ਹੈ । ਤਣੇ ਦੇ ਗਾਲੇ ਨੂੰ ਕਾਬੂ ਰੱਖਣ ਲਈ 25 ਦਸੰਬਰ ਤੋਂ ਲੈ ਕੇ 15 ਜਨਵਰੀ ਤੱਕ ਫਸਲ ਨੂੰ ਪਾਣੀ ਨਾ ਲਗਾਓ ।

**ਦਾਲਾਂ** : ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ । ਸਮੇਂ ਸਿਰ ਬੀਜੀ ਛੋਲਿਆਂ ਦੀ ਫਸਲ ਨੂੰ ਅੱਧ ਦਸੰਬਰ ਦੇ ਆਸ-ਪਾਸ ਪਾਣੀ ਦੇ ਦਿਉ ਜਦੋਂ ਕਿ ਮਸਰਾਂ ਨੂੰ ਬਿਜਾਈ ਦੇ ਇੱਕ ਮਹੀਨਾ ਬਾਅਦ ਪਾਣੀ ਦਿਉ ।

**ਕਮਾਦ** : ਫਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਓ । ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿੱਚ ਭੇਜਣ ਲਈ) ਸ਼ੁਰੂ ਕਰ ਦਿਓ । ਕਟਾਈ ਖਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ ।



**ਹਰੇ ਚਾਰੇ** : ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਲਈ ਇਸ ਮਹੀਨੇ ਅਗੇਤੀ ਬੀਜੀ ਜਵੀ ਨੂੰ ਕੱਟ ਲਵੋ । ਜੇਕਰ ਖੇਤ ਵਿੱਚ ਬੂਈਂ (ਪੋਆ ਘਾਹ) ਬਹੁਤ ਹੋਵੇ ਤਾਂ ਜਵੀ ਦੀਆਂ ਦੋ ਕਟਾਈਆਂ ਨਾ ਲਵੋ । ਹਰੇ ਚਾਰੇ ਦੀ ਘਾਟ ਵਾਲੇ ਸਮੇਂ ਹਰਾ ਚਾਰਾ ਪ੍ਰਾਪਤ ਕਰਨ ਲਈ ਲੂਸਣ ਦੀ ਕਟਾਈ ਲਈ ਜਾ ਸਕਦੀ ਹੈ । ਝੋਨੇ ਵਾਲੇ ਫਸਲੀ ਚੱਕਰ ਵਿੱਚ ਰੇਤਲੀਆਂ ਜ਼ਮੀਨਾਂ ਵਿੱਚ ਬੀਜੀ ਬਰਸੀਮ ਦੀ ਫਸਲ ਤੇ ਮੈਂਗਨੀਜ਼ ਦੀ ਘਾਟ ਆ ਸਕਦੀ ਹੈ । ਇਸ ਘਾਟ ਕਾਰਨ ਵਿਚਕਾਰਲੇ ਤਣੇ ਦੇ ਪੱਤਿਆਂ ਉੱਪਰ ਭੂਰੇ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਬਾਅਦ ਵਿੱਚ ਸੁੱਕ ਕੇ ਝੜ ਜਾਂਦੇ ਹਨ ਅਤੇ ਪੱਤੇ ਛਾਨਣੀ-ਛਾਨਣੀ ਹੋ ਜਾਂਦੇ ਹਨ । ਘਾਟ ਠੀਕ ਕਰਨ ਲਈ 0.5% ਮੈਗਨੀਜ਼ ਸਲਫੇਟ (1/2 ਕਿਲੋ ਮੈਗਨੀਜ਼ ਸਲਫੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਛਿੜਕਾਅ ਫਸਲ ਕੱਟਣ ਉਪਰੰਤ ਦੋ ਹਫਤੇ ਦੇ ਨਵੇਂ ਫੁਟਾਰੇ ਤੇ ਕਰੋ ਅਤੇ ਹਫਤੇ-ਹਫਤੇ ਬਾਅਦ 2-3 ਛਿੜਕਾਅ ਕਰੋ । ਜੇਕਰ ਬਰਸੀਮ ਵਿੱਚ ਤਣਾ ਗਲਣ ਦਾ ਰੋਗ ਹੋਵੇ ਤਾਂ ਫਸਲ ਕੱਟਣ ਪਿਛੋਂ ਖੇਤ ਨੂੰ ਧੁੱਪ ਲੱਗਣ ਦਿਓ ।

**ਸਬਜ਼ੀਆਂ**

**ਟਮਾਟਰ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਟਮਾਟਰਾਂ ਦੀ ਪਨੀਰੀ ਲਗਾ ਦਿਉ । ਪਲਾਸਟਿਕ ਸ਼ੀਟ ਜਾਂ ਸਰਕੰਡਾ ਬੰਨ੍ਹ ਕੇ ਬੂਟਿਆਂ ਨੂੰ ਕੋਰੇ ਤੋਂ ਬਚਾਉ । ਮਧਰੇ ਕੱਦ ਦੇ ਬੂਟੇ ਨੂੰ ਕੋਰੇ ਤੋਂ ਬਚਾਉਣ ਲਈ 100 ਗੇਜ਼ ਦੀ ਮੋਟੀ ਚਿੱਟੀ ਪਲਾਸਟਿਕ ਦੀ ਥੈਲੀ (35×25 ਸੈਂਟੀ ਮੀਟਰ) ਵਰਤੀ ਜਾ ਸਕਦੀ ਹੈ ।

**ਮੂਲੀ, ਸ਼ਲਗਮ ਅਤੇ ਗਾਜਰ** : ਮੂਲੀ, ਦੀਆਂ ਯੂਰਪੀ ਕਿਸਮਾਂ ਦੀ ਬਿਜਾਈ ਇਸ ਮਹੀਨੇ ਦੇ ਪਹਿਲੇ ਹਫਤੇ ਖਤਮ ਕਰ ਦਿਉ । ਬੀਜ ਦੀ ਫਸਲ ਲੈਣ ਲਈ ਡੱਕ ਲਗਾ ਦਿਉ । ਬੀਜ ਲਈ ਫਸਲ ਦੇ ਡੱਕ ਲਗਾਉਣ ਤੋਂ ਪਹਿਲਾਂ 65 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਪਾਉ । ਬਿਜਾਈ ਸਮੇਂ ਡੱਕ ਕਤਾਰਾਂ ਵਿੱਚ ਲਾਉ । ਕਤਾਰਾਂ ਅਤੇ ਬੂਟਿਆਂ ਦਾ ਫਾਸਲਾ ਮੂਲੀ ਲਈ 60 × 22 ਸੈਂ. ਮੀ.), ਸ਼ਲਗਮ ਲਈ

**ਬਾਕੀ ਸਫਾ 10 'ਤੇ**



# ਛੋਟੇ ਕਿਸਾਨਾਂ ਨੂੰ ਉਤਸ਼ਾਹਿਤ ਕਰੇਗੀ ਪੰਜਾਬ ਦੀ ਪਹਿਲੀ ਖੇਤੀ ਨੀਤੀ



**ਡਾ. ਅੰਮ੍ਰਿਤ ਸਾਗਰ ਮਿੱਤਲ,**
ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ, ਪੰਜਾਬ ਇਕੋਨੋਮਿਕ ਪਾਲਿਸੀ।

**ਸਰਕਾਰੀ ਏਜੰਸੀਆਂ ਦੁਆਰਾ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) 'ਤੇ ਖਰੀਦੀ ਜਾਂਦੀ ਕਣਕ ਤੇ ਝੋਨੇ ਦੀ ਫਸਲ ਨੇ ਖੇਤੀ ਵਿਭਿੰਨਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਕਿਉਂਕਿ ਪੰਜਾਬ 'ਚ 85 ਫੀਸਦੀ ਖੇਤੀ ਇਨ੍ਹਾਂ ਦੋਹਾਂ ਫਸਲਾਂ ਦੀ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ ਖੁਦ ਕਣਕ ਤੇ ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੂਬੇ ਦੇ ਕਰੀਬ 80 ਫੀਸਦੀ ਬਲਾਕਾਂ 'ਚ ਪਾਣੀ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਹੋ ਚੁੱਕੀ ਹੈ ਤੇ ਇਨ੍ਹਾਂ ਰਵਾਇਤੀ ਫਸਲਾਂ ਦੇ ਗੁੰਝਲਦਾਰ ਚੱਕਰ ਦੇ ਚੱਲਦਿਆਂ ਮਿੱਟੀ ਦੇ ਤੱਤਾਂ ਦੀ ਸਮਰੱਥਾ ਖਰਾਬ ਹੋਈ ਹੈ।**

ਇਹ ਵਿਆਪਕ ਤੌਰ 'ਤੇ ਜਾਣਿਆ ਤੱਥ ਹੈ ਕਿ ਪੰਜਾਬ ਜੋ ਕਦੇ ਖੇਤੀ 'ਚ ਮੋਹਰੀ ਹੁੰਦਾ ਸੀ, ਹੁਣ ਆਪਣੀ ਗਤੀਸ਼ੀਲਤਾ ਬਣਾਈ ਰੱਖਣ ਲਈ ਸੰਘਰਸ਼ ਕਰ ਰਿਹਾ ਹੈ। ਪੰਜਾਬ 'ਚ ਹਰੀ ਕ੍ਰਾਂਤੀ ਨੂੰ ਅੱਗੇ ਵਧਾਉਣ ਵਾਲੀਆਂ ਨੀਤੀਆਂ ਨੇ ਆਪਣੀ ਸਾਰਥਿਕਤਾ ਗੁਆ ਦਿੱਤੀ ਹੈ। ਮੌਜੂਦਾ ਸਥਿਤੀ ਦੀ ਗੰਭੀਰਤਾ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਆਪਣੀ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਵੱਲ ਇਕ ਮਹੱਤਵਪੂਰਨ ਪਹਿਲ ਹੈ। ਹਾਲਾਂਕਿ ਪਹਿਲੀਆਂ ਸਰਕਾਰਾਂ ਵਲੋਂ 2013 ਤੇ 2018 'ਚ ਪੰਜਾਬ ਦੀ ਖੇਤੀ ਨੀਤੀ ਦੇ ਦੋ ਖਰੜਿਆਂ (ਡਰਾਫਟ) ਨੂੰ ਅੰਤਿਮ ਰੂਪ ਦਿੱਤਾ ਗਿਆ ਸੀ, ਪਰ ਮਜ਼ਬੂਤ ਇੱਛਾ ਸ਼ਕਤੀ ਦੀ ਘਾਟ ਕਾਰਨ ਇਨ੍ਹਾਂ ਨੂੰ ਕਦੇ ਵੀ ਲਾਗੂ ਨਹੀਂ ਕੀਤਾ ਜਾ ਸਕਿਆ। ਪੰਜਾਬ ਰਾਜ ਕਿਸਾਨ ਤੇ ਖੇਤੀ ਮਜ਼ਦੂਰਾਂ ਕਮਿਸ਼ਨ ਨੇ ਆਪਣੇ 2018 ਦੇ ਨੀਤੀ ਖਰੜੇ 'ਚ ਸਿਫਾਰਸ਼ ਕੀਤੀ ਸੀ ਕਿ 10 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਤੇ ਆਮਦਨ ਕਰਦਾਤਾਵਾਂ ਨੂੰ ਮੁਫਤ ਬਿਜਲੀ ਨਾ ਦਿੱਤੀ ਜਾਵੇ। ਮਾਹਰਾਂ ਦੇ ਸਮੂਹ (ਜੀ.ਓ. ਈਜ਼) ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਮੁਫਤ ਬਿਜਲੀ ਦਾ ਜ਼ਿਆਦਾ ਫਾਇਦਾ ਵੱਡੇ ਕਿਸਾਨਾਂ ਨੂੰ ਹੋਇਆ ਹੈ। ਆਉਣ ਵਾਲੀ ਖੇਤੀ ਨੀਤੀ 'ਚ ਛੋਟੇ ਕਿਸਾਨਾਂ ਦੇ ਲਈ ਬਿਜਲੀ ਸਬਸਿਡੀ ਤੇ ਖੇਤੀ ਵਿਸਤਾਰ ਸੇਵਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਤਸ਼ਾਹਿਤ ਕਰਨ ਵਾਸਤੇ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਨਾਲ ਤਰਕਸੰਗਤ ਪਹਿਲ ਕਦਮੀਆਂ ਦੀ ਲੋੜ ਹੈ, ਤਾਂ ਜੋ ਪੰਜਾਬ ਦੀ ਖੇਤੀ ਦੇ ਗੌਰਵ ਨੂੰ ਮੁੜ ਸਥਾਪਿਤ ਕਰਕੇ ਇਕ ਭਵਿੱਖਬਾਣੀ ਤੇ ਸੰਪੂਰਨ ਪਹੁੰਚ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਬਿਜਲੀ ਸਬਸਿਡੀ ਨੂੰ ਤਰਕਸੰਗਤ ਬਣਾਉਣਾ : ਛੇ ਦਹਾਕਿਆਂ 'ਚ ਸਬਸਿਡੀਆਂ, ਪ੍ਰੇਰਨਾਵਾਂ ਤੇ ਇੱਥੋਂ ਤੱਕ ਕਿ ਕਰਜ਼ ਮੁਆਫੀ ਪਹਿਲਕਦਮੀਆਂ ਵੀ ਛੋਟੇ ਤੇ ਹਾਸ਼ੀਏ 'ਤੇ ਧੱਕੇ ਗਏ ਕਿਸਾਨਾਂ (ਕੁੱਲ ਕਿਸਾਨਾਂ ਦੇ 87 ਫੀਸਦੀ) ਨੂੰ ਟਿਕਾਊ ਖੇਤੀ ਵੱਲ ਨਹੀਂ ਲਿਜਾ ਸਕੀ। ਸਬਸਿਡੀਆਂ ਦੀ ਤ੍ਰਾਸਦੀ ਇਹ ਹੈ ਕਿ ਕਿਸਾਨਾਂ ਨੂੰ ਮਿਲਣ ਵਾਲਾ ਇਹ ਲਾਭ ਗੈਰ-ਕਿਸਾਨਾਂ ਨੂੰ ਵੀ ਦਿੱਤਾ ਜਾਂਦਾ ਹੈ। ਉਦਾਹਰਣ ਲਈ ਪੰਜਾਬ 'ਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਮੁਫਤ ਬਿਜਲੀ ਸਬਸਿਡੀ 10,000 ਕਰੋੜ ਰੁਪਏ ਸਾਲਾਨਾ ਹੈ, ਜਿਸ 'ਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਬਿਜਲੀ ਚੋਰੀ ਨੂੰ ਵੀ ਜੋੜਿਆ ਜਾਂਦਾ ਹੈ, ਕਿਉਂਕਿ ਮੁਫਤ ਬਿਜਲੀ ਦਾ ਲਾਭ ਉਠਾਉਣ ਵਾਲੇ 14.5 ਲੱਖ ਟਿਊਬਵੈੱਲਾਂ ਲਈ ਕੋਈ ਮੀਟਰਿੰਗ ਪ੍ਰਣਾਲੀ ਨਹੀਂ ਹੈ। ਸਿੰਚਾਈ ਲਈ ਵਰਤੀ ਜਾਣ ਵਾਲੀ ਬਿਜਲੀ ਦੀ ਸਹੀ ਖਪਤ ਦਾ ਪਤਾ ਲਗਾਉਣ ਲਈ ਕੋਈ ਪੱਕੇ ਅੰਕੜੇ ਨਹੀਂ ਹਨ। ਨੀਤੀ ਨਿਰਮਾਤਾਵਾਂ ਨੂੰ ਕਿਸਾਨ ਦੀ ਪ੍ਰੀਭਾਸ਼ਾ ਸਪੱਸ਼ਟ ਕਰਨੀ ਚਾਹੀਦੀ ਹੈ। ਇਕ ਕਾਸ਼ਤਕਾਰ ਇਕ ਅਸਲੀ ਕਿਸਾਨ ਹੈ, ਇਕ ਐਨ.ਆਰ.ਆਈ ਜਾਂ ਕੋਈ ਵੱਡਾ ਕਿਸਾਨ, ਜਿਸ ਕੋਲ ਕਾਫੀ ਜ਼ਮੀਨ ਹੁੰਦੀ ਹੈ ਉਹ ਕਾਸ਼ਤਕਾਰ ਨਹੀਂ ਹੁੰਦੇ, ਸਗੋਂ ਆਪਣੀ ਜ਼ਮੀਨ ਠੇਕੇ 'ਤੇ ਦਿੰਦੇ ਹਨ ਪਰ ਸਭ ਸਰਕਾਰੀ ਸਬਸਿਡੀਆਂ ਦਾ ਲਾਭ ਉਠਾਉਂਦੇ ਹਨ। ਇਸ ਨਾਲ ਜ਼ਮੀਨ ਠੇਕੇ 'ਤੇ ਦੇਣ ਸੰਬੰਧੀ ਸੁਧਾਰਾਂ 'ਤੇ ਗੱਲਬਾਤ ਕਰਨ ਦੀ ਜ਼ਰੂਰਤ ਹੈ, ਖਾਸ ਕਰਕੇ ਖੇਤੀ ਵਾਲੀ ਜ਼ਮੀਨ ਜਿਥੇ ਅਸਲ ਕਿਸਾਨ / ਕਾਸ਼ਤਕਾਰ ਮਹੱਤਵਪੂਰਨ ਹੁੰਦਾ ਹੈ। ਇਸ ਸੰਬੰਧੀ ਉਦਾਰਤਾ ਨਾਲ ਇਕ ਨਵੀਂ ਸ਼ੁਰੂਆਤ ਕਰਨ ਦੀ ਜ਼ਰੂਰਤ ਹੈ, ਕਿਉਂਕਿ ਜ਼ਮੀਨ ਠੇਕੇ 'ਤੇ ਦੇਣ ਸਬੰਧੀ ਸੁਧਾਰਾਂ 'ਚ ਲੰਬਾ ਸਮਾਂ ਲੱਗੇਗਾ।

ਆਮ ਆਦਮੀ ਪਾਰਟੀ (ਆਪ) ਸਰਕਾਰ ਵਲੋਂ ਆਮਦਨ ਟੈਕਸ ਦੇਣ ਵਾਲਿਆਂ, ਸਰਕਾਰੀ ਕਰਮਚਾਰੀਆਂ (ਚੌਥਾ ਦਰਜੇ ਨੂੰ ਛੱਡ ਕੇ) ਪੈਨਸ਼ਨ ਲੈਣ ਵਾਲਿਆਂ (10000 ਰੁਪਏ ਤੋਂ ਵੱਧ ਪ੍ਰਤੀ ਮਹੀਨਾ), ਵਰਤਮਾਨ ਤੇ ਸਾਬਕਾ ਸੰਸਦ ਮੈਂਬਰਾਂ, ਵਿਧਾਇਕਾਂ ਤੇ ਮੇਅਰਾਂ ਨੂੰ ਛੱਡ ਕੇ ਬਾਕੀ ਸਭ ਘਰੇਲੂ ਖਪਤਕਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਵਿੱਤੀ ਸਾਲ 2024-25 'ਚ 23,198 ਕਰੋੜ ਰੁਪਏ ਦੇ ਅਨੁਮਾਨਿਤ ਮਾਲੀਆ ਘਾਟੇ ਦਰਮਿਆਨ ਸੂਬੇ 'ਚ ਵਧੇ ਤੇ ਵਿਕਾਸ ਨੂੰ ਸੰਤੁਲਿਤ ਕਰਨ ਲਈ ਮੌਜੂਦਾ ਖੇਤੀ ਬਿਜਲੀ ਸਬਸਿਡੀ 'ਚ ਸੁਧਾਰ ਦੀ ਜ਼ਰੂਰਤ ਹੈ। ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਸਬਸਿਡੀ ਕੇਵਲ ਜ਼ਰੂਰਤਮੰਦ ਕਿਸਾਨਾਂ ਨੂੰ ਹੀ ਦਿੱਤੀ ਜਾਵੇ, ਤਾਂ ਜੋ ਸਬਸਿਡੀ ਦਾ ਬੋਝ ਘਟਣ 'ਤੇ ਹੋਣ ਵਾਲੀ ਬੱਚਤ ਨਾਲ ਪੰਜਾਬ ਦੇ ਪੇਂਡੂ ਖੇਤਰ 'ਚ ਸਿਹਤ ਤੇ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ। ਮੁਫਤ ਬਿਜਲੀ ਦੇਣ ਲਈ ਤਿਆਰ ਕੀਤੇ ਨਵੇਂ ਤਰਕਸੰਗਤ ਰੋਡਮੈਪ ਨਾਲ ਸਬਸਿਡੀ ਦਾ ਲਾਭ ਛੋਟੇ ਤੇ ਹਾਸ਼ੀਏ 'ਤੇ ਧੱਕੇ ਕਿਸਾਨਾਂ ਤੱਕ ਪਹੁੰਚੇਗਾ।

ਪ੍ਰਸ਼ਾਸਕੀ ਸੁਧਾਰਾਂ ਲਈ ਸਰਕਾਰ ਦੁਆਰਾ ਉਠਾਇਆ ਗਿਆ ਇਹ ਕਦਮ ਬਹੁਤ ਸ਼ਲਾਘਾਯੋਗ ਉਪਰਾਲਾ ਹੋ ਸਕਦਾ ਹੈ, ਜੇਕਰ ਇਸ ਨੂੰ ਅੱਗੇ ਵਧਾਇਆ ਜਾਵੇ ਅਤੇ ਇਸ 'ਚ ਸੰਸਦ ਮੈਂਬਰਾਂ, ਵਿਧਾਇਕਾਂ, ਸਰਕਾਰੀ ਕਰਮਚਾਰੀਆਂ ਐੱਨ ਆਰ ਆਈਜ਼, ਵੱਡੇ ਕਿਸਾਨਾਂ ਅਤੇ ਆਮਦਨ ਟੈਕਸ ਦੇਣ ਵਾਲੇ ਪ੍ਰਭਾਵਸ਼ਾਲੀ ਲੋਕਾਂ ਨੂੰ ਮੁਫਤ ਖੇਤੀ ਬਿਜਲੀ ਦੇ ਲਾਭਪਾਤਰੀਆਂ ਵਜੋਂ ਸ਼ਾਮਿਲ ਨਾ ਕੀਤਾ ਜਾਵੇ, ਕਿਉਂਕਿ ਮੁਫਤ ਖੇਤੀ ਬਿਜਲੀ ਸਹੂਲਤ ਦਾ ਲਗਭਗ 60 ਫੀਸਦੀ ਲਾਭ ਇਨ੍ਹਾਂ ਲੋਕਾਂ ਵਲੋਂ ਉਠਾਇਆ ਜਾ ਰਿਹਾ ਹੈ। ਅਰਥਸ਼ਾਸਤਰੀ ਮੋਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਮਾਹਰਾਂ ਦੇ ਇਕ ਸਮੂਹ ਦੁਆਰਾ ਤੱਤਕਾਲੀ ਕਾਂਗਰਸ ਨੂੰ ਸੌਂਪੀ ਗਈ ਇਕ ਰਿਪੋਰਟ 'ਚ ਦੱਸਿਆ ਗਿਆ ਸੀ, ਕਿ ਪੰਜਾਬ ਦੇ ਗਰੀਬ ਕਿਸਾਨਾਂ ਦੇ ਲਈ ਸ਼ੁਰੂ ਕੀਤੀ ਗਈ ਖੇਤੀ ਬਿਜਲੀ ਸਬਸਿਡੀ ਦਾ ਪ੍ਰਭਾਵਸ਼ਾਲੀ ਹਿੱਸਾ ਸੂਬੇ ਦੇ ਵੱਡੇ ਤੇ ਮੱਧਵਰਗੀ ਕਿਸਾਨਾਂ ਦੁਆਰਾ ਲਿਆ ਜਾਂਦਾ ਹੈ। ਬਿਜਲੀ ਸਬਸਿਡੀ ਦੇ 56 ਫੀਸਦੀ ਹਿੱਸੇ ਦਾ ਲਾਭ 3.62 ਲੱਖ ਵੱਡੇ ਕਿਸਾਨਾਂ (25 ਏਕੜ ਤੋਂ ਵਧੇਰੇ) ਤੇ ਮੱਧਵਰਗੀ (10 ਏਕੜ ਤੋ ਵੱਧ ਜ਼ਮੀਨ) ਵਾਲਿਆਂ ਵਲੋਂ ਉਠਾਇਆ ਜਾ ਰਿਹਾ ਹੈ, ਜਦਕਿ 10 ਏਕੜ ਤੋਂ ਘੱਟ ਜ਼ਮੀਨ ਵਾਲੇ 7.29 ਲੱਖ ਕਿਸਾਨਾਂ ਨੂੰ ਕੇਵਲ 44 ਫੀਸਦੀ ਬਿਜਲੀ ਸਬਸਿਡੀ ਮਿਲਦੀ ਹੈ।

ਪੰਜਾਬ ਸਰਕਾਰ ਦੁਆਰਾ 1997-98 ਤੋਂ ਸ਼ੁਰੂ ਕੀਤੀ ਗਈ ਬਿਜਲੀ ਸਬਸਿਡੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਰਕਾਰੀ ਖਜ਼ਾਨੇ 'ਤੇ ਪਹਿਲੀ ਵਾਰ ਖੇਤੀ ਸਬਸਿਡੀ ਬਿੱਲ ਦਾ ਬੋਝ ਕੇਵਲ 693 ਕਰੋੜ ਪਿਆ ਸੀ, ਜੋ ਹੁਣ ਵਧ ਕੇ ਔਸਤ 10,000 ਕਰੋੜ ਰੁਪਏ ਤੱਕ ਪੁੱਜ ਚੁੱਕਾ ਹੈ। ਪਿਛਲੇ 25 ਸਾਲਾਂ ਦੌਰਾਨ ਇਸ 'ਚ 1445 ਫੀਸਦੀ ਵਾਧਾ ਹੋ ਚੁੱਕਾ ਹੈ। ਮੁਫਤ ਖੇਤੀ ਬਿਜਲੀ ਦੇ ਪਹਿਲੇ ਸਾਲ 1997-98 ਦੌਰਾਨ ਟਿਊਬਵੈੱਲਾਂ ਦੀ ਗਿਣਤੀ ਕਰੀਬ 6.1 ਲੱਖ ਸੀ, ਜੋ ਹੁਣ 14.5 ਲੱਖ ਕਰੋੜ ਹੋ ਚੁੱਕੀ ਹੈ। ਮੁਫਤ ਬਿਜਲੀ ਮਿਲਣ ਦੇ ਚੱਲਦਿਆਂ ਪਿਛਲੇ 25 ਸਾਲਾਂ ਦੌਰਾਨ ਝੋਨੇ ਹੇਠ ਰਕਬੇ 'ਚ 51 ਫੀਸਦੀ ਦਾ ਵਾਧਾ ਹੋ ਚੁੱਕਾ ਹੈ, ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਵਰਤੋਂ ਕੀਤੇ ਜਾਣ ਦੇ ਨਤੀਜੇ ਵਜੋਂ ਕੁੱਲ 148 ਡਾਰਕ ਬਲਾਕਾਂ 'ਚੋਂ 131 ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਜੇਕਰ ਆਉਣ ਵਾਲੇ ਸਮੇਂ ਦੌਰਾਨ ਇਕ ਕਿਸਾਨ ਨੂੰ ਕਈ ਮੁਫਤ ਬਿਜਲੀ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਂਦੇ ਰਹੇ ਤਾਂ ਭਵਿੱਖ ਦੀ ਖੇਤੀ ਲਈ ਵੱਡਾ ਖਤਰਾ ਪੈਦਾ ਹੋ ਜਾਵੇਗਾ।

**ਖੇਤੀ ਨਿਰਯਾਤ ਨਾਲ ਤਾਲਮੇਲ ਬਿਠਾਉਣਾ** : ਸਰਕਾਰੀ ਏਜੰਸੀਆਂ ਦੁਆਰਾ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) 'ਤੇ ਖਰੀਦੀ ਜਾਂਦੀ ਕਣਕ ਤੇ ਝੋਨੇ ਦੀ ਫਸਲ ਨੇ ਖੇਤੀ ਵਿਭਿੰਨਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਕਿਉਂਕਿ ਪੰਜਾਬ 'ਚ 85 ਫੀਸਦੀ ਖੇਤੀ ਇਨ੍ਹਾਂ ਦੋਹਾਂ ਫਸਲਾਂ ਦੀ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ ਖੁਦ ਕਣਕ ਤੇ ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੂਬੇ ਦੇ ਕਰੀਬ 80 ਫੀਸਦੀ ਬਲਾਕਾਂ 'ਚ ਪਾਣੀ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਹੋ ਚੁੱਕੀ ਹੈ ਤੇ ਇਨ੍ਹਾਂ ਰਵਾਇਤੀ ਫਸਲਾਂ ਦੇ ਗੁੰਝਲਦਾਰ ਚੱਕਰ ਦੇ ਚੱਲਦਿਆਂ ਮਿੱਟੀ ਦੇ ਤੱਤਾਂ ਦੀ ਸਮਰੱਥਾ ਖਰਾਬ ਹੋਈ ਹੈ। ਪੰਜਾਬ ਕੋਲ 'ਸਪਲਾਈ-ਆਧਾਰਿਤ' ਤੋਂ 'ਮੰਗ-ਆਧਾਰਿਤ' ਖੇਤੀ ਮਾਡਲ 'ਚ ਤਬਦੀਲ ਹੋਣ ਦੀ ਸਮਰੱਥਾ ਹੈ। ਡੇਅਰੀ, ਪੋਲਟਰੀ, ਮੱਛੀ-ਪਾਲਣ, ਫਲ-ਸਬਜ਼ੀਆਂ ਤੇ ਹੋਰ ਉੱਚ ਮੁੱਲ ਵਾਲੀਆਂ ਫਸਲਾਂ ਦੀ ਮੰਗ ਵਧ ਰਹੀ ਹੈ। ਐਮ. ਐਸ. ਪੀ. ਫਸਲਾਂ ਦੀ ਮੰਗ ਵਧ ਰਹੀ ਹੈ। ਐਮ. ਐਸ. ਪੀ. -ਦਬਦਬਾ ਪ੍ਰਣਾਲੀ ਕਣਕ ਤੇ ਝੋਨੇ ਦਾ ਪੱਖ ਪੂਰਦੀ ਹੈ ਅਤੇ ਇਹ ਹੋਰ ਨਕਦੀ ਫਸਲਾਂ ਤੇ ਬਾਗਵਾਨੀ ਉਤਪਾਦਾਂ ਦੀ ਖੇਤੀ 'ਚ ਇਕ ਰੁਕਾਵਟ ਹੈ। ਹਾਲਾਂਕਿ ਸਹੀ ਨੀਤੀਗਤ ਤਬਦੀਲੀਆਂ ਨਾਲ ਪੰਜਾਬ ਭਾਰਤ ਦੇ 'ਭੋਜਨ ਕਟੋਰੇ' ਤੋਂ ਖੇਤੀ ਨਿਰਯਾਤ ਕੇਂਦਰ (ਹੱਬ) 'ਚ ਬਦਲ ਸਕਦਾ ਹੈ। ਪੰਜਾਬ ਦੀ ਪ੍ਰਸਤਾਵਿਤ ਖੇਤੀ ਨੀਤੀ ਨਾਲ ਪੰਜਾਬ ਖੇਤੀ-ਨਿਰਯਾਤ ਕਾਰਪੋਰੇਸ਼ਨ ਦੇ 2022-23 ਦੇ 10,919 ਕਰੋੜ ਰੁਪਏ ਦੇ ਨਿਰਯਾਤ ਨੂੰ 2027-28 ਤੱਕ ਵਧਾ ਕੇ 32,000 ਕਰੋੜ ਰੁਪਏ ਕੀਤਾ ਜਾ ਸਕਦਾ ਹੈ, ਜਿਸ ਲਈ ਢੁਕਵੇਂ ਸੁਧਾਰਾਂ ਨਾਲ ਹਿੱਤਧਾਰਕਾਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ।

**ਨਵੀਨਤਾ ਅਨੁਕੂਲਨ** : ਪੰਜਾਬ ਨੂੰ ਸਰੋਤਾਂ ਦੀ ਸਰਵੋਤਮ ਵਰਤੋਂ ਯਕੀਨੀ ਬਣਾਉਣ ਲਈ ਖੇਤੀ-ਤਕਨੀਕ ਕ੍ਰਾਂਤੀ ਦਾ ਲਾਭ ਉਠਾਉਣਾ ਚਾਹੀਦਾ ਹੈ। ਹੁਣ 'ਪ੍ਰਤੀ ਬੂੰਦ ਵਧੇਰੇ ਫਸਲ' ਨਵਾਂ ਮੰਤਰ ਬਣ ਗਿਆ। ਸਰੋਤ-ਸੰਭਾਲ ਤੇ ਜਲਵਾਯੂ ਸਮਾਰਟ ਤਕਨੀਕਾਂ ਜਿਵੇਂ ਜ਼ੀਰੋ-ਟਿਲੇਜ, ਤੁਪਕਾ ਸਿੰਚਾਈ, ਸੋਕਾ, ਹੜ੍ਹ, ਗਰਮੀ, ਠੰਢ ਤੇ ਕੀੜੇ ਪ੍ਰਤਿਰੋਧਕ ਫਸਲਾਂ ਦੀਆਂ ਕਿਸਮਾਂ ਧਿਆਨ ਖਿੱਚਦੀਆਂ ਹਨ। ਜੀਓ-ਟੈਗਿੰਗ ਫਾਰਮ, ਜ਼ਮੀਨ ਦੇ ਲੰਬੇ ਸਮੇਂ ਲਈ ਲੀਜ਼ 'ਤੇ ਦੇਣ ਨਾਲ ਸੰਬੰਧਿਤ ਚਿੰਤਾਵਾਂ ਨੂੰ ਦੂਰ ਕਰ ਸਕਦੇ ਹਨ, ਜੋ ਕਿ ਵੱਡੇ ਪੈਮਾਨੇ 'ਤੇ ਨਿਵੇਸ਼ ਦੇ ਲਈ ਮਹੱਤਵਪੂਰਨ ਹਨ ਤੇ ਜੀਵੰਤ ਖੇਤੀ ਜ਼ਮੀਨ ਬਾਜ਼ਾਰਾਂ ਨੂੰ ਸਮਰੱਥ ਬਣਾਉਂਦੇ ਹਨ। ਬਾਜ਼ਾਰਾਂ ਦਾ ਡਿਜ਼ਟਲੀਕਰਨ ਇਨਪੁਟ ਵਿਕਰੀ, ਬਾਜ਼ਾਰ 'ਚ ਆਉਣ ਵਾਲੀਆਂ ਵਸਤੂਆਂ, ਲੈਣ-ਦੇਣ ਤੇ ਭੁਗਤਾਨ ਦੇ ਬਾਰੇ ਬਾਜ਼ਾਰ ਅਭਿਆਸ 'ਚ ਪਾਰਦਰਸ਼ਤਾ ਆਵੇਗੀ।

**ਅੱਗੇ ਦਾ ਰਾਹ** : ਖੇਤੀਬਾੜੀ ਸੁਧਾਰਾਂ ਦੀ ਲੋੜ ਫੌਰੀ ਤੇ ਵਿਆਪਕ ਤੌਰ 'ਤੇ ਸਵੀਕਾਰ ਯੋਗ ਹੈ। ਇਹ ਸੁਧਾਰ ਖੇਤੀ ਆਮਦਨ ਵਧਾਉਣ, ਉਤਪਾਦਕਤਾ ਨੂੰ ਵਧਾਉਣ, ਭੰਡਾਰਨ ਤੇ ਉਪਜ ਦੀ ਵੰਡ 'ਚ ਸੁਧਾਰ, ਗਲੋਬਲ ਬਾਜ਼ਾਰ 'ਚ ਵਿਸਤਾਰ ਕਰਨ, ਮਿੱਟੀ ਦੀ ਘੱਟ ਰਹੀ ਉਪਜਾਊ ਸ਼ਕਤੀ, ਪਾਣੀ ਦੇ ਪੱਧਰ ਤੇ ਜਲਵਾਯੂ ਚੁਣੌਤੀਆਂ ਜਿਹੇ ਮੁੱਦਿਆਂ ਦਾ ਹੱਲ ਕਰਨ ਲਈ ਲੋੜੀਂਦੇ ਤੇ ਅਤਿ ਜ਼ਰੂਰੀ ਹਨ। ਆਪਣੀਆਂ ਉੱਚ ਅਭਿਲਾਸ਼ਾਵਾਂ ਨਾਲ ਕਿਸਾਨਾਂ ਦੀ ਨੌਜਵਾਨ ਪੀੜ੍ਹੀ ਵਧੇਰੇ ਆਮਦਨ ਦੀ ਉਮੀਦ ਨਾਲ ਖੇਤੀਬਾੜੀ ਵੱਲ ਵੇਖ ਰਹੀ ਹੈ। ਇਸ ਲਈ ਪੰਜਾਬ ਦੀ ਪਹਿਲੀ ਖੇਤੀ ਨੀਤੀ ਦੀ ਰੂਪਰੇਖਾ ਨੂੰ ਦੇਣ ਲਈ ਕਿਸਾਨ ਭਾਈਚਾਰੇ ਨੂੰ ਇਸ 'ਚ ਸ਼ਾਮਿਲ ਕਰਨਾ ਮਹੱਤਵਪੂਰਨ ਹੈ, ਕਿਉਂਕਿ ਇਸ ਦੀ ਸਫਲਤਾ ਕਿਸਾਨਾਂ ਤੇ ਸਰਕਾਰ ਵਿਚਕਾਰ ਵਿਸ਼ਵਾਸ ਦੀ ਮੁੜ ਬਹਾਲੀ ਨੂੰ ਕਾਇਮ ਕਰੇਗੀ।

# ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਲਈ ਲਘੂ ਤੱਤਾਂ ਦੀ ਮਹੱਤਵਪੂਰਨ ਭੂਮਿਕਾ

**ਵਿੱਕੀ ਸਿੰਘ, ਵਿਵੇਕ ਸ਼ਰਮਾ ਅਤੇ ਗੋਬਿੰਦਰ ਸਿੰਘ ਗਿੱਲ,**
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99156-78787)

**ਅਜੋਕੇ ਸਮੇਂ ਵਿਚ ਲਘੂ ਤੱਤਾਂ ਦੀ ਫਸਲਾਂ ਵਿਚ ਘਾਟ ਦੇ ਕਾਰਨ ਹਨ, ਜਿਵੇਂ ਕਿ ਵੱਧ ਝਾੜ ਦੇਣ ਵਾਲੀਆਂ ਕਿਸਮਾਂ, ਸੰਘਣੀ ਖੇਤੀ, ਅਸੰਤੁਲਿਤ ਖਾਦਾਂ ਦੀ ਵਰਤੋਂ, ਜੈਵਿਕ ਖਾਦਾਂ ਦੇ ਮੁਕਾਬਲੇ ਰਸਾਇਣਕ ਖਾਦਾਂ ਦੀ ਵਧੇਰੇ ਵਰਤੋਂ ਆਦਿ। ਇਕ ਅਧਿਐਨ ਤੋਂ ਇਹ ਪਾਇਆ ਗਿਆ ਹੈ ਕਿ ਪੰਜਾਬ ਵਿਚ ਜ਼ਮੀਨਾਂ ਵਿਚ 2006 ਤੋਂ ਪਹਿਲਾਂ ਪਰਖ ਕੀਤੇ ਨਮੂਨਿਆਂ ਵਿਚ 33.6 ਪ੍ਰਤੀਸ਼ਤ ਵਿਚ ਜ਼ਿੰਕ ਦੀ ਘਾਟ ਪਾਈ ਗਈ, ਪਰ ਕਿਸਾਨਾਂ ਵੱਲੋਂ ਸਾਉਣੀ ਦੀਆਂ ਫਸਲਾਂ ਲਗਾਤਾਰ ਜ਼ਿੰਕ ਖਾਦ ਦੀ ਵਰਤੋਂ ਕਰਨ ਕਰਕੇ ਇਹ ਪ੍ਰਤੀਸ਼ਤ 2020-23 ਦੌਰਾਨ ਘੱਟ ਕੇ 10.1 ਰਹਿ ਗਈ। ਇਸੇ ਹੀ ਤਰ੍ਹਾਂ ਲੋਹੇ ਦੀ ਘਾਟ 2006 ਤੋਂ ਪਹਿਲਾਂ 14 ਪ੍ਰਤੀਸ਼ਤ ਸੀ ਜੋ ਘੱਟ ਕੇ 2020-23 ਦੌਰਾਨ 8.1 ਪ੍ਰਤੀਸ਼ਤ ਰਹਿ ਗਈ। ਪਰੰਤੂ ਇਸ ਦੇ ਉਲਟ, ਮੈਗਨੀਜ਼ ਅਤੇ ਤਾਂਬੇ ਦੀ ਪ੍ਰਤੀਸ਼ਤ ਵਿਚ ਪਹਿਲੇ ਅੰਕੜਿਆਂ ਦੇ ਉਲਟ ਰੁਝਾਨ ਮਿਲੇ। ਮੈਗਨੀਜ਼ ਦੀ ਘਾਟ ਜੋ 2006 ਵਿਚ 8.1 ਪ੍ਰਤੀਸ਼ਤ ਸੀ ਉਹ 2020-23 ਵਿਚ ਵੱਧ ਕੇ 21 ਪ੍ਰਤੀਸ਼ਤ ਹੋ ਗਈ। ਜਦੋਂ ਕਿ ਤਾਂਬੇ ਵਿਚ ਮਾਮੂਲੀ ਜਿਹਾ ਵਾਧਾ ਹੋਇਆ ਜੋ ਕਿ 2 ਤੋਂ ਲੈ ਕੇ 3.2 ਪ੍ਰਤੀਸ਼ਤ ਹੋ ਗਿਆ। ਜ਼ਿਆਦਾਤਰ ਲਘੂ ਤੱਤਾਂ ਦੀ ਘਾਟ ਹਲਕੀਆਂ ਜ਼ਮੀਨਾਂ ਵਿਚ ਵਧੇਰੇ ਹੁੰਦੀ ਹੈ। ਪੰਜਾਬ ਦੀਆਂ ਜ਼ਮੀਨਾਂ ਵਿਚ ਮੈਗਨੀਜ਼ ਦੀ ਘਾਟ ਹਾੜ੍ਹੀ ਦੀਆਂ ਫਸਲਾਂ ਜਿਵੇਂ ਕਿ ਕਣਕ ਅਤੇ ਬਰਸੀਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਲਘੂ ਤੱਤਾਂ ਦੀ ਘਾਟ ਨਾਲ ਪੰਜਾਬ ਵਿਚ ਫਸਲਾਂ ਦੀ ਪੈਦਾਵਾਰ ਘਟ ਹੋ ਰਹੀ ਹੈ। ਇਹਨਾਂ ਤੱਤਾਂ ਦੀ ਘਾਟ ਨੂੰ ਜਾਂਚਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ (ਲੁਧਿਆਣਾ) ਅਤੇ ਹੋਰ ਥਾਵਾਂ ਤੇਸਥਿਤ ਅਦਾਰਿਆਂ ਵਿਚ ਮਿੱਟੀ ਪਰਖ ਲਾਜ਼ਮੀ ਕਰਵਾਉ।**

**ਹਾੜ੍ਹੀ ਦੀਆਂ ਫਸਲਾਂ ਵਿਚ ਕਮੀ ਦੀਆਂ ਨਿਸ਼ਾਨੀਆਂ ਅਤੇ ਉਹਨਾਂ ਦਾ ਸੁਧਾਰ**

**ਕਣਕ : ਮੈਗਨੀਜ਼ ਦੀ ਘਾਟ** : ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ



ਦੇ ਦਰਮਿਆਨ ਵਾਲੀ ਥਾਂ ਉੱਤੇ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਰੰਗ ਦੇ ਧੱਬੇ ਹੋਣਾ, ਇਸ ਤੱਤ ਦੀ ਘਾਟ ਦੀਆਂ ਮੁੱਖ ਨਿਸ਼ਾਨੀਆਂ ਹਨ। ਇਹ ਧੱਬੇ ਨਾੜੀਆਂ ਵਿਚਕਾਰ ਜਿਹੜੀਆਂ ਕਿ ਹਰੀਆਂ ਰਹਿੰਦੀਆਂ ਹਨ, ਇਕੱਲੇ ਹੋ ਕੇ ਇਕ ਲੰਮੀ ਧਾਰੀ ਜਾਂ ਗੋਲ ਆਕਾਰ ਧਾਰਨ ਕਰ ਲੈਂਦੀਆਂ ਹਨ। ਜੇਕਰ ਘਾਟ ਜ਼ਿਆਦਾ ਹੋਵੇ ਤਾਂ ਬੂਟੇ ਸੁੱਕ ਜਾਂਦੇ ਹਨ। ਮੈਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਹਮੇਸ਼ਾ ਉਪਰਲੇ ਪੱਤਿਆਂ ਤੇ ਦੇਖੀਆਂ ਜਾਂਦੀਆਂ ਹਨ।

**ਰੋਕਥਾਮ** : ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਇਕ ਕਿਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿਚ ਘੋਲ (0.5% ਮੈਗਨੀਜ਼ ਸਲਫੇਟ) ਕੇ ਇਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਛਿੜਕਾਅ ਹਫਤੇ-ਹਫਤੇ ਦੇ ਫਰਕ ਨਾਲ ਬਾਅਦ ਵਿਚ ਧੁੱਪ ਵਾਲੇ ਦਿਨਾਂ ਵਿਚ ਕਰੋ। ਮੈਗਨੀਜ਼ ਦੀ ਸਿਰਫ ਸਪਰੇਅ ਹੀ ਕਰੋ, ਇਸਨੂੰ ਮਿੱਟੀ ਵਿਚ ਸਿੱਧਾ ਨਾ ਪਾਓ। ਰੇਤਲੀਆਂ ਜ਼ਮੀਨਾਂ ਵਿਚ ਕਣਕ ਦੀਆਂ ਵਡਾਣਕ ਕਿਸਮਾਂ ਜਿਵੇਂ ਪੀ ਡੀ ਡਬਲਯੂ 291, ਪੀ ਡੀ ਡਬਲਯੂ-233, ਡਬਲਯੂ ਐਚ ਡੀ 943 ਆਦਿ ਨਾ ਬੀਜੋ ਕਿਉਂ ਕਿ ਇਹਨਾਂ ਵਿਚ ਘਾਟ ਜ਼ਿਆਦਾ ਆਉਂਦੀ ਹੈ।

**ਜ਼ਿੰਕ ਦੀ ਘਾਟ** : ਕਣਕ ਦੀ ਫਸਲ ਤੇ ਜ਼ਿੰਕ ਦੀ ਘਾਟ ਨਾਲ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਥੋਂ ਟੁੱਟ ਕੇ ਲਮਕ ਜਾਂਦੇ ਹਨ।

**ਰੋਕਥਾਮ** : ਮਿੱਟੀ ਪਰਖ ਦੇ ਆਧਾਰ ਤੇ ਘਾਟ ਵਾਲੀਆਂ ਜ਼ਮੀਨਾਂ ਵਿਚ ਬਿਜਾਈ ਸਮੇਂ 25 ਕਿਲੋ ਜ਼ਿੰਕ ਸਲਫੇਟ (21% ਜ਼ਿੰਕ) ਪ੍ਰਤੀ ਏਕੜ ਜ਼ਮੀਨ ਵਿਚ ਛਿੱਟੇ



ਨਾਲ ਪਾਓ। ਜੇ ਸਾਉਣੀ ਦੀ ਫਸਲ ਨੂੰ ਸਿਫਾਰਿਸ਼ ਕੀਤੀ ਜ਼ਿੰਕ ਸਲਫੇਟ ਦੀ ਮਾਤਰਾ ਪਾਈ ਗਈ ਹੋਵੇ ਤਾਂ ਉਸ ਜ਼ਮੀਨ ਵਿਚ ਬੀਜੀ ਕਣਕ ਨੂੰ ਜ਼ਿੰਕ ਪਾਉਣ ਦੀ ਲੋੜ ਨਹੀਂ। ਜ਼ਿੰਕ ਦੀ ਘਾਟ ਵਾਲੀ ਫਸਲ ਉੱਤੇ ਜ਼ਿੰਕ ਸਲਫੇਟ (0.5%) ਦੀ ਸਪਰੇਅ ਕਰਨ ਦੀ ਵੀ ਪੂਰੀ ਕੀਤੀ ਜਾ ਸਕਦੀ ਹੈ। ਇਕ ਏਕੜ ਲਈ ਇਕ ਕਿਲੋ ਜ਼ਿੰਕ ਸਲਫੇਟ ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲੀਟਰ ਪਾਣੀ ਵਿਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ।

**ਬਰਸੀਮ**

**ਮੈਗਨੀਜ਼ ਦੀ ਘਾਟ** : ਜਿੱਥੇ ਝੋਨਾ ਵੱਢਣ ਤੋਂ ਬਾਅਦ ਬਰਸੀਮ ਬੀਜੀ ਜਾਂਦੀ ਹੈ, ਉੱਥੇ ਇਸ ਤੱਤ ਦੀ ਘਾਟ ਆਮ ਦੇਖੀ ਜਾਂਦੀ ਹੈ। ਜਦੋਂ ਫਸਲ ਕੱਟਣ ਲਈ



ਤਿਆਰ ਹੋ ਜਾਵੇ ਤਾਂ ਘਾਟ ਦੀਆਂ ਨਿਸ਼ਾਨੀਆਂ ਦੇਖੀਆਂ ਜਾ ਸਕਦੀਆਂ ਹਨ। ਮੈਗਨੀਜ਼ ਦੀ ਘਾਟ ਨਾਲ ਬਰਸੀਮ ਦੇ ਵਿਚਕਾਰਲੇ ਤਣੇ ਦੇ ਪੱਤੇ ਵਿੱਚੋਂ ਸਲੇਟੀ ਤੋਂ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਫਿਰ ਸੁੱਕ ਜਾਂਦੇ ਹਨ। ਪੱਤੇ ਦੀ ਨੋਕ ਅਤੇ ਪੱਤੇ ਦਾ ਤੀਜਾ ਹਿੱਸਾ ਮੁੱਢੋਂ ਹਰਾ ਰਹਿੰਦਾ ਹੈ। ਅੰਤ ਵਿਚ ਪੱਤਾ ਸਾਰਾ ਸੁੱਕ ਜਾਂਦਾ ਹੈ। ਪੱਤੇ ਦਾ ਰੰਗ ਗੁਲਾਬੀ ਤੋਂ ਭੂਰਾ ਹੋ ਜਾਂਦਾ ਅਤੇ ਅੰਤ 'ਚ ਪੱਤਾ ਛਾਨਣੀ ਵਾਂਗ ਹੋ ਜਾਂਦਾ ਹੈ।

**ਰੋਕਥਾਮ** : ਬਰਸੀਮ ਦੀ ਫਸਲ ਵਿਚ ਮੈਗਨੀਜ਼ ਦੀ ਘਾਟ ਆਉਣ ਤੇ 0.5% ਮੈਗਨੀਜ਼ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿੱਚ) ਦਾ ਘੋਲ ਬਣਾ ਕੇ ਧੁੱਪ ਵਾਲੇ ਦਿਨ ਹਫਤੇ ਦੇ ਫਰਕ ਤੇ ਦੋ ਤਿੰਨ ਛਿੜਕਾਅ ਕਰੋ। ਇਕ ਵਾਢੀ ਲੈਣ ਉਪਰੰਤ 2 ਹਫਤੇ ਮਗਰੋਂ ਨਵੇਂ ਫੁਟਾਰੇ ਤੇ ਇਹ ਛਿੜਕਾਅ ਕਰੋ।

**ਗੋਭੀ ਸਰ੍ਹੋਂ, ਰਾਇਆ, ਅਫਰੀਕਨ ਸਰ੍ਹੋਂ**

**ਜ਼ਿੰਕ ਦੀ ਘਾਟ** : ਪੌਦੇ ਦੇ ਪੱਤੇ ਛੋਟੇ, ਝੜੀਦਾਰ ਵਿਕਾਸ ਅਤੇ ਗੂੜ੍ਹੇ ਹਰੇ ਰੰਗ ਦੇ ਰਹਿ ਜਾਂਦੇ ਹਨ। ਪੁਰਾਣੇ ਪੱਤੇ ਸਿਰਿਆਂ ਤੋਂ ਪੀਲੇ ਪੈ ਕੇ ਸੁੱਕ ਜਾਂਦੇ ਹਨ।

**ਰੋਕਥਾਮ** : ਜੇਕਰ ਜ਼ਮੀਨ ਵਿਚ ਜ਼ਿੰਕ ਦੀ ਘਾਟ ਹੋਵੇ ਤਾਂ ਰਾਇਆ, ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਨੂੰ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।

**ਕਮਾਦ**

**ਲੋਹੇ ਦੀ ਘਾਟ** : ਹਲਕੀਆਂ ਜ਼ਮੀਨਾਂ ਵਿਚ ਕਮਾਦ ਦੀ ਫਸਲ ਉੱਪਰ ਲੋਹੇ ਦੀ ਘਾਟ ਆ ਜਾਂਦੀ ਹੈ। ਇਹ ਘਾਟ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੀ ਹੈ। ਪੱਤੇ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ



ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਲੋਹੇ ਦੀ ਜ਼ਿਆਦਾ ਘਾਟ ਨਾਲ ਪੱਤੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਛੋਟਾ ਰਹਿ ਜਾਂਦਾ ਹੈ।

**ਰੋਕਥਾਮ** : ਜਦੋਂ ਵੀ ਇਹ ਨਿਸ਼ਾਨੀਆਂ ਨਜ਼ਰ ਆਉਣ ਉਸ ਵੇਲੇ 1% ਫੈਰਸ ਸਲਫੇਟ (ਇਕ ਕਿਲੋ ਫੈਰਸ ਸਲਫੇਟ 100 ਲੀਟਰ ਪਾਣੀ ਵਿਚ) ਦਾ ਹਫਤੇ ਹਫਤੇ ਦੀ ਵਿੱਥ ਤੇ ਦੋ-ਤਿੰਨ ਵਾਰ ਛਿੜਕਾਅ ਕਰੋ।

**ਜ਼ਰੂਰੀ ਨੁਕਤੇ**

**ਮਿੱਟੀ ਦੀ ਜਾਂਚ** : ਲਘੂ ਤੱਤਾਂ ਦੇ ਪੱਧਰਾਂ ਦਾ ਮੁਲਾਂਕਣ ਕਰਨ ਲਈ ਹਰ ਤੀਜੇ ਸਾਲ ਮਿੱਟੀ ਦੀ ਜਾਂਚ ਕਰਵਾਓ।

**ਲਘੂ ਤੱਤਾਂ ਦਾ ਛਿੜਕਾਅ** : ਲਘੂ ਤੱਤਾਂ ਦੀ ਕਮੀ ਨੂੰ ਕਈ ਵਾਰ ਪੱਤਿਆਂ ਤੇ ਸਪਰੇਅ ਰਾਹੀਂ ਠੀਕ ਕੀਤਾ ਜਾ ਸਕਦਾ ਹੈ, ਪੌਦੇ ਖੁਰਾਕੀ ਤੱਤ (ਲੋਹਾ ਅਤੇ ਮੈਗਨੀਜ਼) ਨੂੰ ਸਿੱਧੇ ਤੌਰ ਤੇ ਪੱਤਿਆਂ ਰਾਹੀਂ ਸੋਖ ਲੈਂਦੇ ਹਨ।

**ਸੰਤੁਲਿਤ ਖਾਦ** : ਸੰਤੁਲਿਤ ਖਾਦ ਦੀ ਵਰਤੋਂ ਕਰਨਾ ਜਿਸ ਵਿਚ ਵੱਡੇ ਤੱਤਾਂ ਦੇ ਨਾਲ ਨਾਲ ਲਘੂ ਤੱਤ ਵੀ ਸ਼ਾਮਿਲ ਹੁੰਦੇ ਹਨ, ਕਮੀਆਂ ਨੂੰ ਰੋਕਣ ਵਿਚ ਮਦਦ ਕਰਦੇ ਹਨ। ਫਾਸਫੋਰਸ ਖਾਦ ਦੀ ਜ਼ਿਆਦਾ ਵਰਤੋਂ ਕਰਨ ਨਾਲ ਜ਼ਿੰਕ ਦੀ ਘਾਟ ਆਮ ਹੀ ਆ ਜਾਂਦੀ ਹੈ।

**ਜੈਵਿਕ ਖਾਦ** : ਝੋਨਾ-ਕਣਕ ਫਸਲੀ ਚੱਕਰ ਵਿਚ ਰੇਤਲੀ ਤੋਂ ਰੇਤਲੀ ਮੈਰਾ ਜ਼ਮੀਨਾਂ ਵਿਚ ਵਧੇਰੇ ਝਾੜ ਲੈਣ ਲਈ ਜੈਵਿਕ ਖਾਦ (ਰੂੜੀ ਖਾਦ 6 ਟਨ/ਏਕੜ ਜਾਂ ਮੁਰਗੀਆਂ ਦੀ ਖਾਦ 2.5 ਟਨ/ਏਕੜ ਜਾਂ ਪ੍ਰੈਸਮੱਡ 6 ਟਨ/ਏਕੜ ਜਾਂ ਪਰਾਲੀ ਖਾਦ 2.5 ਟਨ/ਏਕੜ) ਜਾਂ ਹਰੀ ਖਾਦ ਜਾਂ ਗਰਮ ਰੁੱਤ ਦੀ ਮੂੰਗੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿਚ ਮਿਲਾਉਣ ਮਗਰੋਂ ਨਾਈਟ੍ਰੋਜਨ ਖਾਦ ਦੀ ਸਿਫਾਰਿਸ਼ ਕੀਤੀ ਪੂਰੀ ਮਾਤਰਾ (50 ਕਿਲੋ ਨਾਈਟ੍ਰੋਜਨ ਪ੍ਰਤੀਹ ਏਕੜ) ਪਾਓ ਅਤੇ ਲਘੂ ਤੱਤਾਂ ਦੀ ਘਾਟ ਨੂੰ ਪੂਰਾ ਕਰੋ।

## ਘਾਟੇ ਦਾ ਸੌਦਾ



ਜਨਮੇਜਾ ਸਿੰਘ ਜੌਹਲ
ਮੋ. 98159-45018

ਹਰ ਪਰਿਵਾਰ ਦੀ ਇੱਛਾ ਹੁੰਦੀ ਹੈ ਕਿ ਉਸ ਨੂੰ ਜੋ ਵੀ ਖਾਣ ਪੀਣ ਦਾ ਸਾਮਾਨ ਮਿਲਦਾ ਹੈ, ਉਹ ਸਾਫ ਅਤੇ ਸ਼ੁੱਧ ਹੋਵੇ। ਖਾਸ ਕਰਕੇ ਦੁੱਧ ਇਕ ਇਹੋ ਜਿਹੀ ਖੁਰਾਕ ਹੈ, ਜਿਸ ਦੇ ਬਾਰੇ ਸਾਰਾ ਪਰਿਵਾਰ ਇਹ ਸੋਚਦਾ ਹੈ ਕਿ ਇਹ ਸ਼ੁੱਧ ਹੋਣਾ ਚਾਹੀਦਾ ਹੈ। ਬਿਨਾਂ ਕਿਸੇ ਦਵਾਈਆਂ ਤੋਂ ਇਹ ਹੋਵੇ, ਇਸ ਦੇ ਲਈ ਕਈ ਵਾਰੀ ਅਸੀਂ ਇਹ ਸੋਚ ਲੈਂਦੇ ਹਾਂ ਕਿ ਕਿਉਂ ਨਾ ਘਰ ਦੇ ਵਿਚ ਇਕ ਮੱਝ ਰੱਖ ਲਈ ਜਾਵੇ। ਹੁਣ ਮਸਲਾ ਇਹ ਹੈ ਕਿ ਮੱਝ ਤਾਂ ਸੌਖੀ ਹੈ ਲੈਣੀ, ਪਰ ਮੱਝ ਸਾਂਭਣੀ ਕੋਈ ਸੌਖੀ ਗੱਲ ਨਹੀਂ ਹੁੰਦੀ। ਇਸੇ ਲਈ ਘਰ ਦੇ ਵਿਚ ਇਕ ਜਾਂ ਦੋ ਜਣੇ ਵਿਹਲੇ ਚਾਹੀਦੇ ਹਨ, ਜੋ ਕਿਸੇ ਨਾ ਕਿਸੇ ਤਰ੍ਹਾਂ ਪਸ਼ੂ ਦੇ ਕੋਲ ਰਹਿਣੇ ਚਾਹੀਦੇ ਹਨ, ਮੱਝ ਨੇ ਬਿਮਾਰ ਵੀ ਹੋਣਾ ਹੈ, ਰੋਜ਼ ਦੁੱਧ ਵੀ ਚੋਣਾ ਹੈ। ਪੱਠੇ ਦੀ ਦੇਣੇ ਹਨ। ਦੁੱਧ ਜ਼ਰੂਰ ਤੁਹਾਨੂੰ ਸ਼ੁੱਧ ਮਿਲਦਾ ਹੈ ਪਰ ਸਾਰਾ ਸਾਲ ਉਹ ਵੀ ਨਹੀਂ ਮਿਲਦਾ, ਅੱਠ-ਨੌਂ ਮਹੀਨੇ ਬਾਅਦ ਜਿਹੜੀਆਂ ਮੱਝਾਂ ਹਨ ਉਹ ਤੋਕੜ ਹੋ ਜਾਂਦੀਆਂ ਹਨ ਅਤੇ ਸਾਡੀ ਲੋੜ ਪੂਰੀ ਨਹੀਂ ਹੁੰਦੀ। ਇਕ ਅੱਧੀ ਮੱਝ ਰੱਖਣੀ ਕੋਈ ਫਾਇਦੇਮੰਦ ਨਹੀਂ ਹੈ, ਇਹ ਘਾਟੇ ਦਾ ਹੀ ਸੌਦਾ ਹੁੰਦਾ ਹੈ। ਘਰ 'ਚ ਮੱਝ ਰੱਖ ਕੇ, ਸ਼ੌਕ ਤਾਂ ਪਾਲਿਆ ਜਾ ਸਕਦਾ ਹੈ ਪਰ ਇਸ ਨੂੰ ਵਪਾਰਕ ਤੌਰ 'ਤੇ ਕਿਸੇ ਤਰ੍ਹਾਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਇਹ ਦੁੱਧ ਬਹੁਤ ਮਹਿੰਗਾ ਪੈਂਦਾ ਹੈ। ਇਸ ਲਈ ਇਹੀ ਸਲਾਹ ਹੈ ਕਿ ਬਾਹਰ ਕਿਸੇ ਨਾਲ, ਜਿਨ੍ਹਾਂ ਜ਼ਿਆਦਾ ਪਸ਼ੂ ਰੱਖੇ ਹਨ, ਉਨ੍ਹਾਂ ਨਾਲ ਗੱਲਬਾਤ ਕਰ ਲਓ ਅਤੇ ਉੱਥੋਂ ਹੀ ਦੁੱਧ ਲੈ ਆਓ। ਕੱਲਾ ਦੁਕੱਲਾ ਪਸ਼ੂ ਪਾਲਣਾ ਘਾਟੇ ਦਾ ਸੌਦਾ ਹੈ।

------ ਬਾਕੀ ਸਫਾ 7 ਦੀ ------

# ਦਸੰਬਰ ਮਹੀਨੇ ਦੇ ਖੇਤੀ ਰੁਝੇਵੇਂ

45×15 ਸੈਂ. ਮੀ. ਅਤੇ ਗਾਜਰ ਲਈ 45×30 ਸੈਂ. ਮੀ. ਰੱਖੋ।

**ਗੋਭੀ** : ਸੁਧਰੇ ਬੀਜ ਉਤਪਾਦਨ ਲਈ ਵਧੀਆ ਤੇ ਵੱਡੇ ਫੁੱਲ ਚੁਣੋ ਅਤੇ ਬਾਕੀ ਦੇ ਖੁੱਲ੍ਹੇ ਦਾਣੇਦਾਰ ਜਾਂ ਪੱਤਿਆਂ ਵਾਲੇ ਬੂਟੇ ਪੁੱਟ ਦਿਉ। ਬੂਟਿਆਂ ਨੂੰ ਫੁੱਲ ਅਤੇ ਜੜ੍ਹਾਂ ਸਮੇਤ ਪੁੱਟ ਕੇ ਮਨ ਪਸੰਦ ਜਗ੍ਹਾ ਤੇ ਲਗਾ ਦਿਉ।



**ਆਲੂ :** ਬੀਜ ਵਾਲੀ ਫਸਲ ਵਿੱਚ, ਅੱਧ ਦਸੰਬਰ ਤੋਂ ਬਾਅਦ ਆਲੂਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਪਤਰਾਲ ਸੁੱਕ ਜਾਵੇ। ਮਹੀਨੇ ਦੇ ਅੰਤ ਤੇ ਜੇਕਰ 100 ਪੱਤਿਆਂ ਤੇ 20 ਤੇਲੇ ਦਿਸਣ ਤਾਂ ਪਤਰਾਲ ਕੱਟ ਦਿਉ। ਆਲੂਆਂ ਨੂੰ ਧਰਤੀ ਹੇਠ ਵਿਕਸਤ ਹੋਣ ਦਿਉ। ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਆਲੂਆਂ ਦੀ ਨਵੀਂ ਫਸਲ ਤੇ ਇੰਡੋਫਿਲ ਐਮ-45/ਮਾਸ ਐਮ-45 / ਮਾਰਕਜ਼ੇਬ / ਕਵੱਚ / ਐਂਟਰਾਕੋਲ ਦਾ ਛਿੜਕਾਅ ਕਰੋ। ਜੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਰਿਡੋਮਿਲ ਗੋਲਡ ਜਾਂ ਕਰਜ਼ਟ ਐਮ 8 ਜਾਂ ਸੈਕਟਿਨ ਜਾਂ ਈਕੂਏਸ਼ਨ ਪ੍ਰੋ ਜਾਂ ਰੀਵਸ ਜਾਂ ਮੈਲੋਡੀ ਡਿਓ ਦਾ ਛਿੜਕਾਅ ਕਰੋ।

**ਸੁਰੰਗਾਂ ਵਿੱਚ ਖੀਰੇ ਦੀ ਕਾਸ਼ਤ** : ਖੀਰੇ ਦੀ ਅਗੇਤੀ ਪੈਦਾਵਾਰ ਲੈਣ ਲਈ ਸੁਰੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਜਿਹਾ ਕਰਨ ਲਈ ਢਾਈ ਮੀਟਰ ਦੀਆਂ ਚੌੜੀਆਂ ਪੱਟੀਆਂ ਬਣਾ ਲਉ ਅਤੇ ਦਸੰਬਰ ਦੇ ਮਹੀਨੇ ਵਿੱਚ ਪੱਟੀਆਂ ਦੇ ਦੋਨੋ ਪਾਸੇ 45 ਸੈਂਟੀਮੀਟਰ ਦੇ ਫਾਸਲੇ ਤੇ ਖੀਰੇ ਦੇ ਬੀਜ ਲਗਾਓ। ਬਿਜਾਈ ਕਰਨ ਤੋਂ ਬਾਅਦ ਖੀਰੇ ਨੂੰ ਸੁਰੰਗਾਂ ਹੇਠ ਢੱਕ ਦਿਓ।

**ਬਾਗਬਾਨੀ :**

1. ਇਸ ਮਹੀਨੇ ਦੇ ਅੰਤ ਵਿੱਚ ਪੱਤਝੜੀ ਫਲਦਾਰ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਸ਼ਪਾਤੀ, ਅੰਗੂਰ, ਅੰਜੀਰ ਆਦਿ ਦੀ ਕਾਂਟ-ਛਾਂਟ ਅਤੇ ਸਿਧਾਈ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

2. ਛੋਟੇ ਬੂਟਿਆਂ ਨੂੰ ਠੰਡ ਅਤੇ ਕੋਰੇ ਤੋਂ ਬਚਾਉਣ ਲਈ ਢੁਕਵੇਂ ਪ੍ਰਬੰਧ ਕਰੋ। ਛੋਟੇ ਫਲਦਾਰ ਬੂਟਿਆਂ ਨੂੰ ਇਸ ਮਹੀਨੇ ਦੋ ਹਲਕੇ ਪਾਣੀ ਲਾਓ। ਲੀਚੀ ਦੇ ਵੱਡੀ ਉਮਰ ਦੇ ਬੂਟਿਆਂ ਨੂੰ ਪਾਣੀ ਦਸੰਬਰ ਦੇ ਪਹਿਲੇ ਹਫਤੇ ਲਾਉਣਾ ਚਾਹੀਦਾ ਹੈ ਤਾਂ ਕਿ ਬਾਗ ਨੂੰ ਕੋਰੇ ਦੀ ਮਾਰ ਤੋਂ ਬਚਾਇਆ ਜਾ ਸਕੇ।

3. ਅਮਰੂਦ, ਬੇਰ, ਆਉਲਾ ਅਤੇ ਲੁਕਾਠ ਨੂੰ ਛੱਡ ਕੇ ਬਾਕੀ ਫਲਦਾਰ ਬੂਟਿਆਂ ਨੂੰ ਦੇਸੀ ਰੂੜੀ ਪਾਉਣ ਦਾ ਇਹ ਢੁੱਕਵਾਂ ਸਮਾਂ ਹੈ। ਦੇਸੀ ਰੂੜੀ ਦੇ ਨਾਲ-ਨਾਲ, ਲੀਚੀ, ਆੜੂ, ਨਾਖ ਅਤੇ ਅਲੂਚਿਆਂ ਦੇ ਬੂਟਿਆਂ ਨੂੰ ਸਿਫਾਰਿਸ਼ ਕੀਤੀ ਸਿੰਗਲ ਸੁਪਰਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਵੀ ਜ਼ਰੂਰ ਪਾਉ।

4. ਪੱਤਝੜੀ ਕਿਸਮ ਦੇ ਫਲਦਾਰ ਬੂਟਿਆਂ ਦੇ ਪੱਤੇ ਸਰਦੀ ਵਿੱਚ ਝੜ੍ਹ ਜਾਂਦੇ ਹਨ, ਇਹਨਾਂ ਦੀ ਲੁਆਈ ਜਨਵਰੀ ਵਿੱਚ ਹੋਣੀ ਹੈ, ਇਸ ਲਈ ਦਸੰਬਰ ਮਹੀਨੇ ਠੀਕ ਤਰੀਕੇ ਨਾਲ ਯੋਜਨਾਬੰਦੀ ਅਤੇ ਵਿਉਂਤਬੰਦੀ ਕਰਕੇ ਖੇਤ ਤਿਆਰ ਕਰ ਲਵੋ।

5. ਬੇਰਾਂ ਦੇ ਫਲ ਇਸ ਮਹੀਨੇ ਵੱਧਦੇ-ਫੁੱਲਦੇ ਹਨ, ਇਸ ਲਈ ਲੋੜ ਮੁਤਾਬਿਕ ਪਾਣੀ ਦਿੰਦੇ ਰਹੋ। ਜੇਕਰ ਮੀਂਹ ਪੈ ਜਾਵੇ ਤਾਂ ਪਾਣੀ ਨਾ ਦਿਓ।

6. ਅਮਰੂਦ, ਮਾਲਟਾ ਅਤੇ ਗਰੇਪਫਰੂਟ ਦੇ ਫਲ ਇਸ ਮਹੀਨੇ ਤੋੜਨ ਲਈ ਤਿਆਰ ਹੋ ਜਾਂਦੇ ਹਨ। ਇਨ੍ਹਾਂ ਨੂੰ ਛਾਂਟ ਕੇ ਦਰਜਾਬੰਦੀ ਕਰਕੇ ਮੰਡੀ ਵਿੱਚ ਵੇਚੋ।

7. ਅੰਬਾਂ ਵਿੱਚ ਮਿੱਲੀ ਬੱਗ ਨੂੰ ਬੂਟਿਆਂ ਤੇ ਚੜ੍ਹਨ ਤੋਂ ਰੋਕਣ ਲਈ ਇਨ੍ਹਾਂ ਦੇ ਤਣਿਆਂ ਦੁਆਲੇ ਇੱਕ ਮੀਟਰ ਦੀ ਉਚਾਈ ਤੇ ਤਿਲਕਵੀਂ ਪੱਟੀ ਦਸੰਬਰ ਦੇ ਦੂਜੇ ਹਫਤੇ ਵਿੱਚ ਲਾ ਦੇਣੀ ਚਾਹੀਦੀ ਹੈ।

8. ਨਿੰਬੂ ਜਾਤੀ ਦੇ ਫਲਾਂ ਵਿੱਚ ਕੈਂਕਰ ਦੀ ਰੋਕਥਾਮ ਲਈ ਸਟਰੈਪਟੋਸਾਇ-ਕਲੀਨ 50 ਗ੍ਰਾਮ + ਨੀਲਾ ਥੋਥਾ 25 ਗ੍ਰਾਮ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਦਸੰਬਰ ਦੇ ਮਹੀਨੇ ਦੂਜਾ ਛਿੜਕਾਅ ਕਰੋ।

**ਸਜਾਵਟੀ ਬੂਟੇ** : ਜੁਲਾਈ ਵਿੱਚ ਲਾਏ ਗਏ ਪੱਕੇ ਬੂਟੇ ਜਿਵੇਂ ਕਿ ਕਰੋਟਨ, ਡਾਈਫਨਬੇਚੀਆ, ਪਾਮ, ਸਿਨੋਨਿਅਮ, ਮਨੀ ਪਲਾਂਟ, ਐਗਲੋਨੀਮਾ ਆਦਿ ਨੂੰ ਕੋਰੇ ਤੋਂ ਬਚਾਉਣ ਲਈ ਇਨ੍ਹਾਂ ਸਜਾਵਟੀ ਪੱਤੇਦਾਰ ਪੌਦਿਆਂ ਨੂੰ ਵਰਾਂਡੇ ਵਿੱਚ ਛੱਤ ਹੇਠ ਜਾਂ ਛਾਂ ਦਾਰ ਨੈੱਟ ਹੇਠ ਰੱਖ ਦਿਉ।

ਪਿਛਲੇ ਸਾਲ ਸਤੰਬਰ-ਅਕਤੂਬਰ ਵਿੱਚ ਗੁਲਾਬ ਦੇ ਜੜ੍ਹ-ਮੁੱਢ ਦੀਆਂ ਲਾਈਆਂ ਗਈਆਂ ਕਲਮਾਂ ਉੱਪਰ ਇਸ ਮਹੀਨੇ ਵੱਖ-ਵੱਖ ਗੁਲਾਬ ਦੀਆਂ ਕਿਸਮਾਂ ਦੀਆਂ 'ਟੀ-ਵਿਧੀ' ਦੁਆਰਾ ਪਿਉਂਦ ਕਰਕੇ ਬੂਟੇ ਤਿਆਰ ਕੀਤੇ ਜਾ ਸਕਦੇ ਹਨ।

ਗੁਲਦਾਉਦੀ ਦੇ ਸੁੱਕੇ ਹੋਏ ਫੁੱਲਾਂ ਨੂੰ ਬੂਟਿਆਂ ਤੋਂ ਤੋੜ ਦਿਉ।

ਗਲੈਡੀਓਲਸ ਨੂੰ ਤਿੰਨ ਜਾਂ ਛੇ ਪੱਤਿਆਂ ਸਮੇਂ ਪਾਉਣ ਵਾਲੀ ਨਾਈਟ੍ਰੋਜਨ ਖਾਦ ਦੀ ਪਹਿਲੀ ਜਾਂ ਦੂਸਰੀ ਕਿਸ਼ਤ ਪਾਉ। ਖਾਦ ਦਾ ਛਿੱਟਾ ਦੇਣ ਤੋਂ ਬਾਅਦ ਬੂਟਿਆਂ ਨਾਲ ਮਿੱਟੀ ਚੜ੍ਹਾਓ।

ਗੇਂਦੇ ਦੇ ਖੇਤਾਂ ਵਿੱਚੋਂ ਸਿੰਗਲ ਫੁੱਲਾਂ ਵਾਲੇ ਬੂਟਿਆਂ ਨੂੰ ਪੁੱਟਦੇ ਰਹੋ। ਗੇਂਦੇ ਦੇ ਬੀਜ ਵਾਸਤੇ ਫੁੱਲ ਛਾਂਟਣ ਦਾ ਸਹੀ ਸਮਾਂ ਹੈ। ਗੁੰਦਵੇਂ ਫੁੱਲਾਂ ਵਾਲੇ ਤੰਦਰੁਸਤ ਬੂਟਿਆਂ ਨੂੰ ਬੀਜ ਪੈਦਾ ਕਰਨ ਲਈ ਰੱਖ ਲਉ। ਸੁੱਕੇ ਫੁੱਲਾਂ ਨੂੰ ਤੋੜ ਕੇ ਬੀਜ ਬਣਾਉਣ ਲਈ ਰੱਖ ਲਉ।

ਮੌਸਮੀ ਫੁੱਲਾਂ ਅਤੇ ਘਾਹ ਦੇ ਮੈਦਾਨ ਵਿੱਚ ਪਾਣੀ ਦਾ ਖਾਸ ਖਿਆਲ ਰੱਖੋ ਤਾਂ ਜੋ ਇਨ੍ਹਾਂ ਨੂੰ ਕੋਰੇ ਤੋਂ ਬਚਾਇਆ ਜਾ ਸਕੇ।

**ਵਣ ਖੇਤੀ**

**ਪਾਪਲਰ : ਅੰਤਰ-ਖੇਤੀ** : ਪਾਪਲਰ ਦੀ ਪਲਾਂਟੇਸ਼ਨ ਵਿੱਚ ਪਿਆਜ਼ ਦਸੰਬਰ ਦੇ ਵਿੱਚ ਲਗਾ ਦੇਣੇ ਚਾਹੀਦੇ ਹਨ। ਜੇਕਰ ਫਸਲ ਨਾ ਬੀਜੀ ਹੋਵੇ ਤਾਂ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਦਿਓ, ਤਾਂ ਕਿ ਅਗਲੇ ਸਾਲ ਪੱਤੇ ਖਾਣ ਵਾਲੀਆਂ ਸੁੰਡੀਆਂ ਦਾ ਹਮਲਾ ਘੱਟ ਹੋਵੇ।

**ਕਾਂਟ-ਛਾਂਟ** : ਲੱਕੜ ਉਦਯੋਗ ਵਿੱਚ ਹਮੇਸ਼ਾਂ ਹੀ ਪਾਪਲਰ ਦੇ ਸਿੱਧੇ ਤੇ ਸਾਫ ਤਣੇ ਨੂੰ ਪਸੰਦ ਕੀਤਾ ਜਾਂਦਾ ਹੈ। ਨਵੇਂ ਪੁੰਗਾਰੇ ਸਮੇਂ ਇਕ ਤੋਂ ਵੱਧ ਮੁੱਖ ਸ਼ਾਖਾਵਾਂ ਬਣ ਜਾਂਦੀਆਂ ਹਨ ਜੋ ਕਿ ਇਮਾਰਤੀ ਦਰੱਖਤਾਂ ਵਿਚ ਬੇਲੋੜੀਆਂ ਸਮਝੀਆਂ ਜਾਂਦੀਆਂ ਹਨ। ਇਕ ਸਿਹਤਮੰਦ ਮੁੱਖ ਸ਼ਾਖਾ ਹੀ ਰੱਖੋ। ਕਾਂਟ-ਛਾਂਟ ਬੂਟਿਆਂ ਦੇ ਵਾਧੇ ਅਤੇ ਉਮਰ ਤੇ ਨਿਰਭਰ ਕਰਦੀ ਹੈ। ਕਾਂਟ-ਛਾਂਟ ਸਿਰਫ ਮੋਟੀਆਂ ਸ਼ਾਖਾਵਾਂ ਦੀ ਹੀ ਕਰਨੀ ਚਾਹੀਦੀ ਹੈ ਕਿਉਕਿ ਪਤਲੀਆਂ ਸ਼ਾਖਾਵਾਂ ਰੁੱਖ ਦੇ ਵਾਧੇ ਵਿੱਚ ਸਹਾਈ ਹੁੰਦੀਆਂ ਹਨ। ਵਾਧੂ ਕਾਂਟ-ਛਾਂਟ ਨਾ ਕਰੋ ਕਿਉਕਿ ਇਸ ਨਾਲ ਹੇਠਲੇ ਹਿੱਸੇ ਤੋਂ ਵਾਧੂ ਸ਼ਾਖਾਵਾਂ ਨਿਕਲਦੀਆਂ ਹਨ ਅਤੇ ਕੱਟੀ ਗਈ ਥਾਂ (ਤਣਾ) ਉੱਪਰ ਨੂੰ ਉੱਭਰ ਆਉਂਦਾ ਹੈ ਜਿਸ ਨਾਲ ਲੱਕੜ ਦੀ ਗੁਣਵੱਤਾ ਮਾੜੀ ਹੋ ਜਾਂਦੀ ਹੈ। ਦਰਖਤਾਂ ਦੇ ਕੱਟੇ ਹਿੱਸਿਆਂ ਤੇ ਬੋਰਡ ਪੇਸਟ ਲਗਾਉਣਾ ਨਾ ਭੁੱਲੋ।

**ਸਫੈਦਾ** : ਇਮਾਰਤੀ ਲੱਕੜ ਲਈ ਰੁੱਖਾਂ ਨੂੰ 8 ਤੋਂ 10 ਸਾਲਾਂ ਦੀ ਉਮਰ ਤੋਂ ਬਾਅਦ ਕੱਟੋ, ਜਦੋਂ ਇਨ੍ਹਾਂ ਦੇ ਤਣੇ ਦੀ ਮੋਟਾਈ 80 ਤੋਂ 100 ਸੈਂਟੀਮੀਟਰ ਹੋ ਜਾਵੇ (ਧਰਤੀ ਤੋਂ 4.5 ਫੁੱਟ ਦੀ ਉਚਾਈ ਤੇ), ਪੇਪਰ ਅਤੇ ਪੱਲਪ ਲਈ ਸਫੈਦੇ ਦੇ ਰੁੱਖ 6 ਸਾਲਾਂ ਦੀ ਉਮਰ ਤੋਂ ਬਾਅਦ ਕੱਟੋ। ਜਦੋਂ ਇਹਨਾਂ ਦੀ ਮੋਟਾਈ 40 ਸੈਂਟੀਮੀਟਰ ਹੋ ਜਾਵੇ ਤਾਂ ਬੱਲੀਆਂ ਲਈ ਸਫੈਦੇ ਦੇ ਰੁੱਖ 4 ਸਾਲ ਦੀ ਉਮਰ ਤੋਂ ਬਾਅਦ ਕੱਟ ਲਵੋ। ਰੁੱਖਾਂ ਦੀ ਕਟਾਈ ਸਰਦੀਆਂ ਵਿੱਚ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਮੁੱਢ ਛਾਂ ਹੇਠਾਂ ਸੁਕਾਉਣੇ ਚਾਹੀਦੇ ਹਨ ਤਾਂ ਜੋ ਲੱਕੜ ਨੂੰ ਘੁੰਮਣ ਅਤੇ ਫੱਟਣ ਤੋਂ ਬਚਾਇਆ ਜਾ ਸਕੇ।

**ਟਾਹਲੀ** : ਟਾਹਲੀ ਦੀ ਨਰਸਰੀ ਉਗਾਉਣ ਵਾਸਤੇ, ਸਿਹਤਮੰਦ ਅਤੇ ਸਿੱਧੇ ਦਰੱਖਤਾਂ ਤੋਂ ਦਸੰਬਰ ਵਿੱਚ ਫਲੀਆਂ ਇਕੱਠੀਆਂ ਕਰਕੇ ਬੀਜ ਲਈ ਸੁਕਾ ਕੇ ਅਤੇ ਫਿਰ ਹਵਾ ਬੰਦ ਬਰਤਨ ਵਿੱਚ ਸਾਂਭ ਲਉ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਸ਼ਹਿਦ-ਮੱਖੀਆਂ ਦੇ ਕਟੁੰਬਾਂ ਨੂੰ ਇਸ ਮਹੀਨੇ ਦੌਰਾਨ ਜ਼ਿਆਦਾ ਖੋਲ੍ਹਣਾ ਨਹੀਂ ਚਾਹੀਦਾ। ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਕਿਸੇ ਬੰਦ ਹਵਾ ਅਤੇ ਧੁੱਪ ਵਾਲੇ ਦਿਨ ਦੁਪਹਿਰ ਵੇਲੇ ਇਨ੍ਹਾਂ ਨੂੰ ਖੋਲ੍ਹ ਕੇ ਝਟਪਟ ਨਿਰੀਖਣ ਕਰਕੇ ਲੋੜੀਂਦੇ ਪ੍ਰਬੰਧ ਕਰੋ। ਹਾਈਵ ਦੀਆਂ



ਤਰੇੜਾਂ/ਝੀਥਾਂ ਆਦਿ ਗਾਰੇ ਜਾਂ ਚਿਪਕੂ-ਟੇਪ ਨਾਲ ਸੀਲ ਕੀਤੀਆਂ ਹੋਣੀਆਂ ਚਾਹੀਦੀਆਂ ਹਨ। ਜੇਕਰ ਕਟੁੰਬ ਹਾਲੇ ਵੀ ਛਾਵੇਂ ਪਏ ਹਨ ਤਾਂ ਹਰ ਰੋਜ਼ 3 ਫੁੱਟ ਤੋਂ ਘੱਟ-ਘੱਟ ਹਿਲਾ ਕੇ ਧੁੱਪ ਕਰ ਦਿਉ। ਕਟੁੰਬ ਖੁੱਲੇ ਮੈਦਾਨ ਵਿਚ ਨਾ ਰੱਖੋ ਹੋਣ ਸਗੋਂ ਕਟੁੰਬਾਂ ਨੂੰ ਕਿਸੇ ਓਹਲੇ ਵਾਲੀ ਥਾਂ ਤੇ ਜਾਂ ਕੰਧਾਂ ਦੇ ਨੇੜੇ ਟਿਕਾਓ ਤਾਂ ਕਿ ਕਟੁੰਬ ਠੰਡੀਆਂ ਹਵਾਵਾਂ ਤੋਂ ਬਚੇ ਰਹਿਣ। ਕਟੁੰਬਾਂ ਦੇ ਗੇਟ ਤਰਜੀਹ ਦੇ ਤੌਰ ਤੇ ਦੱਖਣ-ਪੂਰਬ ਵੱਲ ਹੋਣੇ ਚਾਹੀਦੇ ਹਨ। ਕਟੁੰਬਾਂ ਦੇ ਹੇਠੋਂ ਅਤੇ ਆਸੇ-ਪਾਸਿਉਂ ਘਾਹ-ਫੂਸ/ਨਦੀਨ ਕੱਟ ਕੇ ਸਫਾਈ ਕਰਦੇ ਰਹੋ। ਲੰਮੇਂ ਸਮੇਂ ਬੱਦਲਵਾਈ/ਧੁੰਦ/ਬਰਸਾਤ ਰਹਿਣ ਨਾਲ ਕਟੁੰਬਾਂ ਵਿਚ ਖੁਰਾਕ ਦੀ ਕਮੀਂ ਆ ਸਕਦੀ ਹੈ ਅਜਿਹੀ ਹਾਲਤ ਵਿੱਚ ਕਟੁੰਬਾਂ ਨੂੰ ਲੋੜ ਅਨੁਸਾਰ ਖੰਡ ਦਾ ਗਾੜ੍ਹਾ ਘੋਲ (ਦੋ ਹਿੱਸੇ ਖੰਡ, ਇਕ ਹਿੱਸਾ ਪਾਣੀ) ਦੀ ਖੁਰਾਕ ਦੇਣੀ ਚਾਹੀਦੀ ਹੈ। ਇਹ ਖੁਰਾਕ ਤਰਜ਼ੀਹ ਦੇ ਤੌਰ ਤੇ ਪੂਰੇ ਬਣੇ ਹੋਏ ਛੱਤਿਆਂ ਵਿਚ ਭਰ ਕੇ ਦਿਓ, ਨਹੀਂ ਤਾਂ ਇਹ ਖੁਰਾਕ ਡਵੀਜ਼ਨ-ਬੋਰਡ ਫੀਡਰ ਵਿਚ ਦਿਉ। ਦਸੰਬਰ ਵਿਚ ਦਿੱਤੀ ਸਰਦੀ ਦੀ ਪੈਕਿੰਗ ਜਨਵਰੀ ਮਹੀਨੇ ਵੀ ਜਾਰੀ ਰਹਿਣ ਦੇਣੀ ਹੈ। ਜੇ ਕਟੁੰਬਾਂ ਦੀ ਹਿਜ਼ਰਤ ਕਿਸੇ ਵਧੀਆ ਨੈਕਟਰ ਦੇ ਸਰੋਤ ਤੇ ਕੀਤੀ ਹੈ ਅਤੇ ਜੇ ਸੁਪਰ ਚੈਂਬਰਾਂ ਦੇ ਛੱਤਿਆਂ ਵਿਚ ਕਾਫੀ ਮਾਤਰਾ ਵਿਚ ਪੱਕਿਆ/ਸੀਲ ਸ਼ਹਿਦ ਮੌਜੂਦ ਹੈ, ਤਾਂ ਇਹ ਸ਼ਹਿਦ ਸਰਦੀ ਰੁੱਤ ਦੇ ਸ਼ੁਰੂ ਵਿਚ ਹੀ ਕਿਸੇ ਹਵਾ-ਬੰਦ ਧੁੱਪ ਵਾਲੇ ਦੁਪਹਿਰ ਵੇਲੇ ਕੱਢ ਲਵੋ, ਨਾਲ ਹੀ ਰੋਬਿੰਗ ਬਾਰੇ ਵੀ ਸੁਚੇਤ ਰਹੋ ਅਤੇ ਰੋਬਿੰਗ-ਰੋਕੂ ਲੋੜੀਂਦੇ ਉਪਰਾਲੇ ਵੀ ਕਰੋ।

**ਖੁੰਬਾਂ ਦੀ ਕਾਸ਼ਤ** : ਬਟਨ ਖੁੰਬ ਦੀ ਦੂਜੀ ਫਸਲ ਦੀ ਬਿਜਾਈ ਇਸ ਮਹੀਨੇ ਦੇ ਪਹਿਲੇ ਹਫਤੇ ਵਿਚ ਤਿਆਰ ਕੰਪੋਸਟ



ਵਿਚ ਕਰੋ। ਬਟਨ ਖੁੰਬ ਦੀ ਕਾਸ਼ਤ ਲਈ ਸ਼ੈਲਫਾਂ, ਪੇਟੀਆਂ ਅਤੇ ਮੋਮੀ ਲਿਫਾਫਿਆਂ ਦੀ ਵਰਤੋਂ ਕਰ ਸਕਦੇ ਹਾਂ। ਜੇਕਰ ਬਿਜਾਈ ਸ਼ੈਲਫਾਂ ਅਤੇ ਪੇਟੀਆਂ ਵਿਚ ਕਰਨੀ ਹੋਵੇ ਤਾਂ ਬਿਜਾਈ ਕੀਤੀ ਹੋਈ ਕੰਪੋਸਟ ਨੂੰ ਅਖਬਾਰਾਂ ਨਾਲ ਢੱਕ ਦਿਉ ਅਤੇ ਰੋਜ਼ਾਨਾ ਪਾਣੀ ਦਾ ਛਿੜਕਾਅ ਕਰੋ। ਜੇਕਰ ਬਿਜਾਈ ਮੋਮੀ ਲਿਫਾਫਿਆਂ ਵਿਚ ਕਰਨੀ ਹੋਵੇ ਤਾਂ ਇਹਨਾਂ ਨੂੰ ਅਖਬਾਰਾਂ ਨਾਲ ਢੱਕਣ ਅਤੇ ਪਾਣੀ ਦੇ ਛਿੜਕਾਅ ਦੀ ਲੋੜ ਨਹੀਂ। ਕੇਸਿੰਗ ਤਿਆਰ ਕਰਨ ਲਈ ਰੂੜੀ ਖਾਦ ਅਤੇ ਰੇਤਲੀ ਮਿੱਟੀ (4:1) ਨੂੰ 4-5% ਫਾਰਮਲਿਟ ਦੇ ਘੋਲ ਨਾਲ ਜੀਵਾਣੂ ਰਹਿਤ ਕਰ ਦਿਉ। ਰੇਸ਼ਾ ਫੈਲੀ ਕੰਪੋਸਟ ਉੱਤੇ ਪਏ ਅਖਬਾਰਾਂ ਦੀ ਤਹਿ ਨੂੰ ਹਟਾ ਦਿਓ ਅਤੇ ਇਕ ਜਾਂ ਡੇਢ ਇੰਚ ਮੋਟੀ ਕੇਸਿੰਗ ਦੀ ਤਹਿ ਵਿਛਾ ਦਿਓ। ਰੋਜ਼ਾਨਾ ਪਾਣੀ ਦਾ ਛਿੜਕਾ ਕਰੋ। ਕੇਸਿੰਗ ਦੇ ਇਕ ਹਫਤੇ ਬਾਅਦ ਹਵਾ ਦੇ ਆਦਾਨ ਪ੍ਰਦਾਨ ਲਈ ਰੋਜ਼ਾਨਾ ਖੁੰਬ ਘਰ ਨੂੰ 4-5 ਘੰਟਿਆਂ ਲਈ ਖੁੱਲਾ ਰੱਖੋ। ਇਸ ਮਹੀਨੇ ਢੀਂਗਰੀ ਖੁੰਬ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ ਅਤੇ ਖੁੰਬਾਂ ਦੀ ਤੁੜਾਈ ਵੀ ਇਸ ਮਹੀਨੇ ਜਾਰੀ ਰਹਿੰਦੀ ਹੈ।

**ਪਸ਼ੂ ਪਾਲਣ :**

1. ਆਪਣੇ ਪਸ਼ੂਆਂ ਨੂੰ ਸੁੱਕੀ ਥਾਂ ਤੇ ਬੰਨ੍ਹੋ। ਉਨ੍ਹਾਂ ਥੱਲੇ ਵਿਛਾਈ ਸੁੱਕ ਗਿੱਲ੍ਹੀ ਹੋ ਜਾਵੇ ਤਾਂ ਬਦਲ ਦਿਓ।

2. ਨਵਜੰਮੇ/ਕੱਟੜੂ-ਵੱਛੜੂ ਠੰਡ ਵਿੱਚ ਜਲਦੀ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਇਸ ਕਾਰਨ ਹੀ ਹੁੰਦੀਆਂ ਹਨ। ਉਨ੍ਹਾਂ ਨੂੰ ਸਾਫ-ਸੁਥਰੀ ਸੁੱਕੀ ਜਗ੍ਹਾ ਉੱਤੇ ਰੱਖੋ।

3. ਰਾਤ ਨੂੰ ਪਸ਼ੂਆਂ ਨੂੰ ਅੰਦਰ ਰੱਖੋ ਅਤੇ ਦਿਨੇ ਧੁੱਪ ਵਿੱਚ ਬੰਨ੍ਹੋ। ਜੇ ਲੋੜ ਪਵੇ ਤਾਂ ਸ਼ੈੱਡ ਦੇ ਪਾਸਿਆਂ ਉੱਤੇ ਪੱਲੀ ਵੀ ਲਾਈ ਜਾ ਸਕਦੀ ਹੈ। ਜ਼ਿਆਦਾ ਠੰਡ ਵਿੱਚ ਪਸ਼ੂਆਂ ਉੱਪਰ ਝੁੱਲ ਵੀ ਪਾਏ ਜਾ ਸਕਦੇ ਹਨ।

4. ਪਸ਼ੂਆਂ ਨੂੰ ਸਵੇਰੇ-ਸ਼ਾਮ ਦੁੱਧ ਚੋਣ ਵੇਲੇ ਦੇਖਣਾ ਚਾਹੀਦਾ ਹੈ। ਜੇ ਪਸ਼ੂ ਤਾਰਾਂ ਕਰਦਾ ਹੋਵੇ ਤਾਂ ਉਸ ਨੂੰ ਗਰਭਦਾਨ ਦਾ ਟੀਕਾ ਲਗਵਾਉਣਾ ਚਾਹੀਦਾ ਹੈ।

5. ਪਸ਼ੂਆਂ ਦਾ ਦੁੱਧ ਚੋਣ ਤੋਂ ਬਾਅਦ ਥਣਾਂ ਉੱਪਰ ਫਟੇ ਹੋਏ ਜਾਂ ਜ਼ਖਮੀ ਥਣਾਂ ਨੂੰ ਗਲਿਸਰੀਨ ਅਤੇ ਬੀਟਾਡੀਨ (1 : 3) ਦੇ ਘੋਲ ਵਿੱਚ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ।

6. ਪਸ਼ੂਆਂ ਨੂੰ ਅਫਾਰੇ ਤੋਂ ਬਚਾਉਣ ਲਈ ਕੁਤਰੀ ਹੋਈ ਬਰਸੀਮ ਵਿੱਚ 3-4 ਕਿਲੋ ਤੂੜੀ ਰਲਾ ਕੇ ਖੁਆਉਣੀ ਚਾਹੀਦੀ ਹੈ। ਗਿੱਲ੍ਹੇ ਚਾਰੇ ਤੋਂ ਪ੍ਰਹੇਜ਼ ਕਰੋ।

7. ਸਰਦੀਆਂ ਵਿੱਚ ਪਸ਼ੂ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਘਟਾਈ ਜਾ ਸਕਦੀ ਹੈ ਕਿਉਕਿ ਬਰਸੀਮ, ਲੂਸਣ, ਰਾਈ ਘਾਹ ਆਦਿ ਚਾਰਿਆਂ ਵਿੱਚ 19-21% ਪ੍ਰੋਟੀਨ ਕੁਦਰਤੀ ਹੁੰਦੀ ਹੈ। ਪਸ਼ੂਆਂ ਨੂੰ ਇਕੱਲੀ ਪਰਾਲੀ ਨਾ ਪਾਓ ਕਿਉਕਿ ਪਰਾਲੀ ਵਿੱਚ ਮਿੱਟੀ ਹੋਣ ਕਰਕੇ ਪਸ਼ੂਆਂ ਨੂੰ ਮੋਕ ਵੀ ਲੱਗ ਸਕਦੀ ਹੈ ਅਤੇ ਦੇਗਨਾਲਾ ਬਿਮਾਰੀ ਵੀ ਹੋ ਸਕਦੀ ਹੈ।

8. ਵੱਡੇ ਪਸ਼ੂਆਂ ਅਤੇ ਇੱਕ ਮਹੀਨੇ ਤੋਂ ਉੱਪਰ ਦੇ ਬੱਚਿਆਂ ਨੂੰ ਮੂੰਹ-ਖੁਰ ਦੇ ਟੀਕੇ ਲਗਵਾਓ।

9. 15 ਦਿਨ ਦੇ ਛੋਟੇ ਕਟੜੂ/ਵਛੜੂ ਮਲੱਪ ਰਹਿਤ ਕਰੋ। ਵੱਛਿਆਂ ਨੂੰ 6 ਮਹੀਨੇ ਦੀ ਉਮਰ ਤੱਕ ਮਾਸਿਕ ਅੰਤਰਾਲ 'ਤੇ ਮਲੱਪ ਰਹਿਤ ਕਰੋ ਤੇ ਫਿਰ 3 ਮਹੀਨਿਆਂ ਦੇ ਅੰਤਰਾਲ 'ਤੇ ਵੱਖ-ਵੱਖ ਦਵਾਈਆਂ ਦੀ ਵਰਤੋਂ ਕਰਕੇ ਮਲੱਪ ਰਹਿਤ ਕਰੋ। ਵੱਛਿਆਂ ਵਿਚ ਛੇ ਹਫਤੇ ਦੀ ਉਮਰ ਤੋਂ ਪਹਿਲਾਂ ਡੀਹੌਰਨਿੰਗ ਕੀਤੀ ਜਾਣੀ ਚਾਹੀਦੀ ਹੈ।

10. ਸੂਣ ਦੇ ਨੇੜੇ ਗੱਭਣ ਪਸ਼ੂ ਦੀ ਖੁਰਾਕ ਵਿੱਚ 8-12 ਗ੍ਰਾਮ ਨਾਇਆਸਿਨ, 15-30 ਗ੍ਰਾਮ ਕੋਲੀਨ ਕਲੋਰਾਈਡ ਅਤੇ 500 ਯੂਨਿਟ ਵਿਟਾਮਿਨ ਈ ਪਾਓ। ਗਰਭ ਕਾਲ ਦੇ ਅਖੀਰਲੇ 21 ਦਿਨਾਂ ਦੌਰਾਨ ਨਮਕ, ਮਿੱਠਾ ਸੋਡਾ, ਧਾਤਾਂ ਦਾ ਚੂਰਾ ਜਾਂ ਕੈਲਸ਼ੀਅਮ ਕਿਸੇ ਵੀ ਰੂਪ ਵਿੱਚ ਨਾ ਦਿਉ। ਸੂਤਕੀ ਬੁਖਾਰ ਤੋਂ ਬਚਾਅ ਲਈ ਇਕੱਲੇ ਫਲੀਦਾਰ ਚਾਰੇ ਨਾ ਪਾਉ ਅਤੇ ਕੋਈ ਹੋਰ ਚਾਰਾ ਜਾਂ ਸਾਈਲੇਜ ਮਿਕਸ ਕਰਕੇ ਪਾਓ।


**ਮੁਰਗੀ ਪਾਲਣ** : ਸ਼ੈੱਡ ਦੇ ਛਾਂ ਵਾਲੇ ਪਾਸੇ ਤੇ ਪਰਦੇ ਲਗਾਓ ਅਤੇ ਧੁੱਪ ਵਾਲਾ ਪਾਸਾ ਖੁੱਲਾ ਰੱਖੋ ਤਾਂ ਜੋ ਅਮੋਨੀਆ ਗੈਸ ਦਾ ਨਿਕਾਸ ਹੁੰਦਾ ਰਹੇ। ਸ਼ੈੱਡ ਅੰਦਰ ਤਾਪਮਾਨ 75 ਡਿਗਰੀ ਫਾਰਨਹੀਟ ਤੋਂ ਥੱਲੇ ਨਹੀਂ ਜਾਣਾ ਚਾਹੀਦਾ। ਨਮੀਂ ਵਧਾਉਣ ਲਈ ਬੁਖਾਰੀ ਆਦਿ ਕੋਲ ਪਾਣੀ ਦੀ ਬਾਲਟੀ ਵਗੈਰਾ ਰੱਖੋ ਜਿਸ ਵਿੱਚੋਂ ਪਾਣੀ ਵਾਸ਼ਪੀਕਰਨ ਹੋ ਕੇ ਨਮੀਂ ਵਧਾ ਦਿੰਦਾ ਹੈ। ਨਮੀਂ ਦੀ ਮਾਤਰਾ 65% ਦੇ ਕਰੀਬ ਰੱਖੋ। ਜੇ ਠੰਡ ਜ਼ਿਆਦਾ ਹੋਵੇ ਤਾਂ ਪਰਦੇ ਦੋਹਰੇ ਕਰ ਦੇਣੇ ਚਾਹੀਦੇ ਹਨ। ਚੂਚਿਆਂ ਨੂੰ ਉਮਰ ਮੁਤਾਬਕ ਨਿੱਘ ਦੇਣਾ ਚਾਹੀਦਾ ਹੈ। ਪਹਿਲੇ ਹਫਤੇ ਬਰੂਡਰ ਥੱਲੇ ਤਾਪਮਾਨ 90-95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ ਜਾਂ ਤਾਪਮਾਨ ਅੰਦਾਜ਼ੇ ਅਨੁਸਾਰ ਵੀ ਘਟਾ ਸਕਦੇ ਹੋ। ਮੁਰਗੀਆਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਵਧਾਉਣ ਲਈ ਸੋਇਆਬੀਨ ਆਦਿ ਪਾਓ। ਦਾਣੇ ਵਿੱਚ ਕੌਕਸੀਡਿਓ ਸਟੇਟ ਪਾਓ ਤਾਂ ਜੋ ਖੂਨੀ ਦਸਤ ਤੋਂ ਮੁਰਗੀਆਂ ਨੂੰ ਬਚਾਇਆ ਜਾ ਸਕੇ। ਜੇ ਮੁਰਗੀਆਂ ਡੂੰਘੀ ਸੁੱਕ ਵਿਧੀ ਰਾਹੀਂ ਪਾਲੀਆਂ ਜਾ ਰਹੀਆਂ ਹਨ ਤਾਂ ਸੁੱਕ ਨੂੰ ਹਫਤੇ ਵਿੱਚ 2-3 ਵਾਰੀ ਫੋਲੋ ਤਾਂ ਜੋ ਸੁੱਕ ਨੂੰ ਖੁਸ਼ਕ ਰੱਖਿਆ ਜਾ ਸਕੇ। ਆਂਡੇ ਦੇ ਰਹੀਆਂ ਮੁਰਗੀਆਂ ਨੂੰ 16 ਘੰਟੇ ਰੋਸ਼ਨੀ ਅਤੇ ਵੱਧ ਰਹੇ ਚੂਚਿਆਂ ਨੂੰ 20-24 ਘੰਟੇ ਰੋਸ਼ਨੀ ਦਿਓ।

# ਜਦੋਂ ਨੀਦਰਲੈਂਡ ਨੇ ਭਾਰਤ ਨੂੰ ਗੋਹਾ ਬਰਾਮਦ ਕਰਨ ਦੀ ਕੋਸ਼ਿਸ਼ ਕੀਤੀ

**ਨੀਦਰਲੈਂਡ** ਕੂੜੇ/ਗੋਹੇ ਨੂੰ ਲੈ ਕੇ ਇਕ ਵੱਡੇ ਸੰਕਟ 'ਚ ਹੇਠ ਦੱਬੇ ਗਏ ਹਨ। ਅਗਸਤ 2022 ਨੂੰ ਗੁੱਸੇ 'ਚ ਆਏ ਇਕ ਭੇਡ ਪਾਲਕ ਕਿਸਾਨ ਬਾਰਟ ਕੇਂਪ ਨੇ 'ਫਿਨਾਸ਼ੀਅਲ ਟਾਈਮਜ਼' ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਸਾਡੀ ਪਿੱਠ ਕੰਧ ਨਾਲ ਲੱਗ ਚੁੱਕੀ ਹੈ। ਉੱਧਰ ਯੂਰਪੀਨ ਸੰਘ ਦੁਆਰਾ ਨੀਦਰਲੈਂਡ 'ਚ 2026 ਤੱਕ ਪਸ਼ੂਆਂ ਦੀ ਆਬਾਦੀ ਇਕ ਤਿਹਾਈ ਦੀ ਕਟੌਤੀ ਕਰਨ ਦੀ ਸਮਾਂ ਹੱਦ ਨਿਸ਼ਚਿਤ ਕੀਤੀ ਗਈ ਹੈ ਤਾਂ ਜੋ 2030 ਤੱਕ ਖੇਤੀ ਸੈਕਟਰ ਤੋਂ ਪੈਦਾ ਹੁੰਦੀ ਜ਼ਹਿਰੀਲੀ ਗੈਸ ਨਿਕਾਸੀ ਨੂੰ ਕਰੀਬ ਅੱਧਾ ਕੀਤਾ ਜਾ ਸਕੇ, ਇਸ ਨੂੰ ਲੈ ਕੇ ਕਿਸਾਨ ਬੇਚੈਨ ਹੋ ਰਹੇ ਹਨ। ਡੱਚ ਕਿਸਾਨਾਂ ਨੂੰ ਆਪਣੀ ਫਸਲ ਲਈ ਖੇਤਾਂ 'ਚ ਪ੍ਰਤੀ ਹੈਕਟੇਅਰ 230 ਤੋਂ 250 ਕਿਲੋਗ੍ਰਾਮ ਨਾਈਟਰੋਜਨ ਪਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਯੂਰਪੀਨ ਸੰਘ ਵਲੋਂ ਡੱਚ ਕਿਸਾਨਾਂ ਨੂੰ ਆਪਣੇ ਖੇਤਾਂ 'ਚ ਇਸ ਲਈ ਗੋਹੇ ਦੀ ਖਾਦ ਜ਼ਿਆਦਾ ਪਾਉਣ ਦੀ ਆਗਿਆ ਦਿੱਤੀ ਹੋਈ ਹੈ, ਕਿਉਂਕਿ ਨੀਦਰਲੈਂਡ ਇਸ 27-ਮੈਂਬਰੀ ਬਲਾਕ ਦਾ ਮੈਂਬਰ ਹੈ। ਪਰ ਜਿਸ ਤਰ੍ਹਾਂ ਈ. ਐਫ. ਪੀ. ਦੀ 23 ਅਕਤੂਬਰ 2024 ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਨਾਈਟਰੋਜਨ ਦਾ ਪੱਧਰ ਅਸਵੀਕਾਰਨਯੋਗ ਪੱਧਰ ਤੱਕ ਪਹੁੰਚ ਗਿਆ ਹੈ। ਨੀਦਰਲੈਂਡ 'ਚ ਗੋਹੇ ਦਾ ਵਧੇਰੇ ਉਤਪਾਦਨ ਹੋਣ ਕਾਰਨ ਉਸ ਦੀ ਖਾਦ ਵਜੋਂ ਖੇਤਾਂ 'ਚ ਵਧੇਰੇ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ 'ਚ ਵੀ ਗਿਰਾਵਟ ਵੇਖੀ ਜਾ ਰਹੀ ਹੈ, ਜਿਸ ਨੇ ਬ੍ਰੈਸਲਜ਼ (ਯੂਰਪੀ ਯੂਨੀਅਨ) ਨੂੰ ਇਸ 'ਤੇ ਰੋਕ ਲਗਾਉਣ ਲਈ ਪ੍ਰੇਰਿਤ ਕੀਤਾ ਹੈ।

ਨੀਦਰਲੈਂਡ ਆਪਣੇ ਗੋਹੇ ਦੇ ਢੇਰ ਤੋਂ ਛੁਟਕਾਰਾ ਪਾਉਣ ਲਈ ਮੌਕਿਆਂ ਦੀ ਤਲਾਸ਼ ਕਰ ਰਿਹਾ ਹੈ, ਤਾਂ ਕਿ ਕਿਸਾਨਾਂ ਨੂੰ ਪਸ਼ੂਆਂ ਦੀ ਆਬਾਦੀ 33 ਫੀਸਦੀ ਤੱਕ ਘਟਾਉਣ ਲਈ ਮਜ਼ਬੂਰ ਨਾ ਹੋਣਾ ਪਵੇ। ਉਸ ਨੂੰ ਯੂਰਪੀਨ ਸੰਘ ਦੇ ਮੈਂਬਰ ਦੇਸ਼ਾਂ ਤੋਂ ਬਾਹਰ ਗੋਹੇ ਨੂੰ ਬਰਾਮਦ ਕਰਨ ਲਈ ਗੰਭੀਰਤਾ ਨਾਲ ਵੇਖਣਾ ਹੋਵੇਗਾ (ਸ਼ਾਇਦ ਉਹ ਪਹਿਲਾਂ ਹੀ ਅਜਿਹਾ ਕਰ ਰਿਹਾ ਹੋਵੇ)। ਅਜਿਹੇ 'ਚ ਭਾਰਤ ਤੇ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਵਧੇਰੇ ਚੌਕਸ ਰਹਿਣਾ ਚਾਹੀਦਾ ਹੈ। ਅਜਿਹਾ ਨਹੀਂ ਹੈ ਕਿ ਭਾਰਤ ਗੋਹੇ ਦੀ ਖਾਦ ਲਈ ਦੁਨੀਆਂ ਦਾ ਸਭ ਤੋਂ ਵੱਡਾ ਬਾਜ਼ਾਰ ਹੈ, ਫਿਰ ਵੀ ਨੀਦਰਲੈਂਡ/ਹਾਲੈਂਡ ਨੇ ਭਾਰਤ ਨੂੰ ਪਸ਼ੂਆਂ ਦੀ ਗੋਹੇ ਦੀ ਖਾਦ ਦੀ ਬਰਾਮਦ ਕਰਨ ਦੀ ਪਹਿਲਾਂ ਵੀ ਇਕ ਅਸਫਲ ਕੋਸ਼ਿਸ਼ ਕੀਤੀ ਸੀ। ਪਰ ਇਸ ਕਦਮ ਨੂੰ ਦੇਸ਼ ਭਰ 'ਚ ਹੋਏ ਇਕ ਬੇਮਿਸਾਲ ਹੰਗਾਮੇ ਤੋਂ ਬਾਅਦ ਰੋਕ ਦਿੱਤਾ ਗਿਆ ਸੀ।

ਇਹ 1995-96 ਦੀ ਗੱਲ ਹੈ ਜਦੋਂ 1 ਜਨਵਰੀ 1995 ਨੂੰ ਵਿਸ਼ਵ ਵਪਾਰ ਸੰਗਠਨ (ਡਬਲਯੂ. ਟੀ. ਓ.) ਦੇ ਹੋਂਦ 'ਚ ਆਉਣ ਦੇ ਤੁਰੰਤ ਬਾਅਦ ਲਗਭਗ ਉਸੇ ਸਮੇਂ ਜਦੋਂ ਮੇਰੀ ਆਪਣੀ ਪਹਿਲੀ ਕਿਤਾਬ 'ਗੈਟ ਐਂਡ ਇੰਡੀਆ : ਦਾ ਪਾਲਟਿਕਸ ਆਫ ਐਗਰੀਕਲਚਰ' (ਕੋਨਾਰਕ ਪਬਲਿਸ਼ਰਜ਼, ਨਵੀਂ ਦਿੱਲੀ) ਰਿਲੀਜ਼ ਹੋਈ ਸੀ। ਮੈਂ ਉਸ ਮੌਕੇ ਖੁਲਾਸਾ ਕੀਤਾ ਸੀ ਕਿ ਕਿਸ ਤਰ੍ਹਾਂ ਹਾਲੈਂਡ ਉਦਾਰੀਕਰਨ ਅਧੀਨ ਬਾਜ਼ਾਰ ਖੁੱਲ੍ਹਣ ਦਾ ਫਾਇਦਾ ਉਠਾ ਕੇ ਭਾਰਤ ਨੂੰ ਗੋਹਾ ਬਰਾਮਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਗਲੀ ਸਵੇਰ ਜਿਵੇਂ ਉਮੀਦ ਸੀ, ਇਹ ਖਬਰ ਪ੍ਰਿੰਟ ਮੀਡੀਆ 'ਚ ਛਪਣ 'ਤੇ ਲੋਕਾਂ ਦਾ ਗੁੱਸਾ ਭੜਕ ਉੱਠਿਆ। ਲੋਕਾਂ ਨੂੰ ਗੁੱਸਾ ਇਸ ਗੱਲ ਦਾ ਸੀ ਕਿ ਦੁਨੀਆਂ 'ਚ ਸਭ ਤੋਂ ਜ਼ਿਆਦਾ ਪਸ਼ੂਆਂ ਵਾਲਾ ਦੇਸ਼ ਗਊ ਦਾ ਗੋਹਾ ਦਰਾਮਦ ਕਰਨ ਦੀ ਇਜਾਜ਼ਤ ਕਿਸ ਤਰ੍ਹਾਂ ਦੇ ਸਕਦਾ ਹੈ? ਅਗਲੇ ਕੁੱਝ ਦਿਨਾਂ 'ਚ ਹਾਲੈਂਡ ਤੋਂ ਗੋਹਾ ਦਰਾਮਦ ਕਰਨ ਦੀ ਖਬਰ ਮੀਡੀਆ 'ਚ ਛਾ ਗਈ ਤੇ ਮੀਡੀਆ 'ਚ ਖੂਬਸੂਰਤ ਕਾਰਟੂਨ ਛਪੇ। ਉਨ੍ਹਾਂ 'ਚੋਂ ਇਕ ਕਾਰਟੂਨ ਯਾਦ ਹੈ, ਜਿਸ 'ਚ ਦੋ ਗਾਵਾਂ ਵਿਚਾਲੇ ਗੱਲਬਾਤ ਨੂੰ ਦਰਸਾਇਆ ਗਿਆ ਸੀ। ਇਕ ਗਾਂ ਕਹਿੰਦੀ ਹੈ ਕਿ ਮੇਰੇ ਗੋਹੇ ਤੋਂ ਕੀ ਦਿੱਕਤ ਹੈ, ਜੋ ਭਾਰਤ ਨੂੰ ਹਾਲੈਂਡ ਤੋਂ ਗੋਹਾ ਦਰਾਮਦ ਕਰਨਾ ਪੈ ਰਿਹਾ ਹੈ। ਇਸ ਦੌਰਾਨ ਵਿਰੋਧੀ ਪਾਰਟੀਆਂ ਦੇ ਨਾਰਾਜ਼ ਮੈਂਬਰਾਂ ਵਲੋਂ ਇਹ ਮੁੱਦਾ ਲਗਾਤਾਰ ਅਖਬਾਰਾਂ 'ਚ ਉਠਾਉਣ ਦੇ ਚਲਦਿਆਂ ਸੰਸਦ ਦੀ ਕਾਰਵਾਈ 'ਚ ਲਗਾਤਾਰ ਅੜਿੱਕਾ ਪਿਆ। ਜਦਕਿ ਕੁਝ ਐਨ.ਜੀ.ਓਜ਼ ਵਲੋਂ ਨਵੀਂ ਦਿੱਲੀ 'ਚ ਕ੍ਰਿਸ਼ੀ ਭਵਨ ਸਾਹਮਣੇ ਬਲਦ ਗੱਡੀਆਂ 'ਤੇ ਲੱਦ ਕੇ ਲਿਆਂਦੇ ਗੋਹੇ ਦੇ ਢੇਰ ਲਗਾ ਦਿੱਤੇ ਗਏ ਸਨ।



ਦਵਿੰਦਰ ਸ਼ਰਮਾ
ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਰ
ਮੋ. 08171030033

ਇਸ ਖਬਰ ਦਾ ਸੰਸਦ 'ਚ ਸਭ ਤੋਂ ਪਹਿਲਾਂ ਖੰਡਨ ਕਰਦਿਆਂ ਤੱਤਕਾਲੀ ਵਣਜ ਮੰਤਰੀ ਪ੍ਰਣਾਬ ਮੁਖਰਜੀ ਨੇ ਕਿਹਾ ਸੀ ਕਿ ਸਰਕਾਰ ਕੋਲ ਇਸ ਬਾਰੇ ਕੋਈ ਜਾਣਕਾਰੀ ਨਹੀਂ। ਅਸਲ 'ਚ ਇਹ ਸੌਦਾ ਇਕ ਨਿੱਜੀ ਡੱਚ ਕੰਪਨੀ ਤੇ ਭਾਰਤ ਦੀ ਚੇਨੱਈ ਸਥਿਤ ਇਕ ਨਿੱਜੀ ਕੰਪਨੀ ਵਿਚਕਾਰ ਹੋਇਆ ਸੀ, ਜਿਸ ਲਈ ਸਰਕਾਰ ਨੂੰ ਇਸ ਦੀ ਜਾਣਕਾਰੀ ਨਹੀਂ ਸੀ। ਮੇਰੀ ਜਾਂਚ ਦੌਰਾਨ ਪਤਾ ਲੱਗਾ ਕਿ ਡੱਚ ਕੰਪਨੀ ਨੇ ਪਹਿਲੇ ਸਾਲ ਦੌਰਾਨ 50 ਲੱਖ ਟਨ ਗੋਹਾ ਬਰਾਮਦ ਕਰਨ ਦੀ ਯੋਜਨਾ ਬਣਾਈ ਸੀ, ਜਿਸ ਨੂੰ ਅਗਲੇ 5 ਸਾਲਾਂ ਦੌਰਾਨ ਹੌਲੀ-ਹੌਲੀ ਵਧਾ ਕੇ 100 ਕਰੋੜ ਟਨ ਕੀਤਾ ਜਾਣਾ ਸੀ। ਗਊ ਦੇ ਗੋਹੇ ਦਾ ਵਪਾਰ ਸ਼ੁਰੂ ਹੋਣ 'ਤੇ ਪਹਿਲਾਂ ਯੂਰਪੀਨ ਸੰਘ ਦੁਆਰਾ ਸਬਸਿਡੀ ਦਿੱਤੀ ਜਾਣੀ ਸੀ, ਜਿਸ ਨੇ ਭਾਰਤ 'ਚ ਗਊ ਦੇ ਦਰਾਮਦ ਦੀ ਜ਼ਰੂਰਤ ਨੂੰ ਜਾਇਜ਼ ਠਹਿਰਾਉਣ ਲਈ ਲੱਖਾਂ ਡਾਲਰ ਖਰਚ ਵੀ ਕੀਤੇ ਸਨ। ਭਾਰਤ ਨੂੰ ਹੋਣ ਵਾਲੀ ਗੋਹੇ ਦੀ ਬਰਾਮਦ ਲਈ ਵਿਸ਼ਵ ਬੈਂਕ ਦੁਆਰਾ ਸਬਸਿਡੀ ਵੀ ਦਿੱਤੀ ਜਾਣੀ ਸੀ। ਦਰਅਸਲ ਨੀਦਰਲੈਂਡ 'ਚ ਧਰਤੀ ਹੇਠਲੇ ਪਾਣੀ ਦਾ ਦੂਸ਼ਿਤ ਹੋਣਾ ਸਿਆਸੀ ਤੌਰ 'ਤੇ ਇਕ ਗਰਮ ਮੁੱਦਾ ਬਣ ਗਿਆ ਸੀ ਤੇ ਕੁੱਝ ਨੇਤਾਵਾਂ ਨੇ ਚੋਣਾਂ 'ਚ ਵੋਟਰਾਂ ਦੁਆਰਾ ਨਕਾਰੇ ਜਾਣ ਦੇ ਚਲਦਿਆਂ ਗਊ ਦੇ ਗੋਹੇ ਨੂੰ ਬਰਾਮਦ ਕਰਨ ਦੀ ਯੋਜਨਾ ਬਣਾਈ ਗਈ ਸੀ। ਇਸ ਯੋਜਨਾ ਤਹਿਤ ਗੋਹਾ ਖਾਦ ਨੂੰ ਤਰਲ ਰੂਪ 'ਚ ਪਾਈਪਾਂ ਜ਼ਰੀਏ ਬੰਦਰਗਾਹਾਂ ਤੱਕ ਲਿਜਾ ਕੇ ਸਭ ਤੋਂ ਪਹਿਲਾਂ ਇਸ ਦੀ ਬਾਇਓਗੈਸ ਬਣਾ ਕੇ ਉਸ ਨੂੰ ਵੰਡਣ ਲਈ ਪ੍ਰਾਈਵੇਟ ਪਾਵਰ ਕੰਪਨੀਆਂ ਨੂੰ ਵੇਚਿਆ ਜਾਣਾ ਸੀ। ਇਸ ਨੂੰ ਇਕ ਕਾਰਗੋ ਜਹਾਜ਼ 'ਤੇ ਭਾਰਤ ਲਿਆਇਆ ਜਾਣਾ ਸੀ ਤੇ ਇਸ ਘੋਲ ਵਾਲੇ ਜਹਾਜ਼ ਨੂੰ ਕੱਛ ਖੇਤਰ 'ਚ ਧੁੱਪ 'ਚ ਖੜ੍ਹਾ ਕੀਤਾ ਜਾਣਾ ਸੀ। ਜਿੱਥੋਂ ਭਾਰਤੀ ਕੰਪਨੀ ਨੇ ਪੋਸ਼ਟਿਕ ਤੱਤਾਂ ਦੀ ਸੰਰਚਨਾ ਨੂੰ ਬਿਹਤਰ ਬਣਾਉਣ ਲਈ ਗੋਹੇ 'ਤੇ ਕੁੱਝ ਖਣਿਜਾਂ ਦਾ ਛਿੜਕਾਅ ਕਰਕੇ ਵੇਖਣ ਉਪਰੰਤ ਇਸ ਨੂੰ ਛੋਟੇ ਪੈਲਟਾਂ 'ਚ ਕੱਟ ਕੇ ਬਾਜ਼ਾਰ 'ਚ ਵੇਚਣਾ ਸੀ। ਮੇਰੇ ਕੋਲ ਮੌਜੂਦ ਦਸਤਾਵੇਜ਼ਾਂ ਅਨੁਸਾਰ ਹਾਲੈਂਡ ਤੋਂ ਗਾਂ ਦੇ ਗੋਹੇ ਨੂੰ ਲੈ ਕੇ ਆਉਣ ਵਾਲੇ ਜਹਾਜ਼ ਨੂੰ ਗੋਹਾ ਉਤਾਰਨ ਬਾਅਦ ਧੋ ਦਿੱਤਾ ਜਾਣਾ ਸੀ ਤੇ ਸਫਾਈ ਕਾਰਜ ਪੂਰੇ ਹੋਣ ਉਪਰੰਤ ਇਸ 'ਤੇ ਪੀਣ ਵਾਲਾ ਪਾਣੀ ਲੱਦਿਆ ਜਾਣਾ ਸੀ। ਇਸ ਜਹਾਜ਼ ਨੇ ਆਪਣੀ ਵਾਪਸੀ ਮੌਕੇ ਸਾਊਦੀ ਅਰਬ ਡੌਕ 'ਚ ਪੀਣ ਵਾਲਾ ਪਾਣੀ ਉਤਾਰਨਾ ਸੀ ਤੇ ਬਾਅਦ 'ਚ ਵਾਪਸੀ ਮੌਕੇ ਇਸ 'ਤੇ ਈਂਧਨ (ਤੇਲ) ਲੋਡ ਕਰਕੇ ਇਸ ਤੇਲ ਨੂੰ ਹਾਲੈਂਡ ਲਿਜਾਇਆ ਜਾਣਾ ਸੀ। ਮੈਨੂੰ ਨਹੀਂ ਲਗਦਾ ਕਿ ਸਿਲਕ ਰੂਟ ਵੀ ਆਰਥਿਕ ਤੌਰ 'ਤੇ ਉਤਨਾ ਵਿਵਹਾਰਕ ਹੋ ਸਕਦਾ ਸੀ, ਜਿੰਨਾ ਕਿ ਗਾਂ ਦੇ ਗੋਹੇ ਦੀ ਬਰਾਮਦ ਦੀ ਯੋਜਨਾ ਸੀ। ਇਸ ਨੇ ਸਿਰਫ ਇਕ ਝਟਕੇ ਨਾਲ ਦੁਨੀਆਂ ਦੇ 3 ਦੇਸ਼ਾਂ ਦੀਆਂ ਆਰਥਿਕ ਚਿੰਤਾਵਾਂ-ਪਸ਼ੂਆਂ ਦੇ ਗੋਹੇ ਦੀ ਖਾਦ, ਪੀਣ ਵਾਲਾ ਪਾਣੀ ਤੇ ਤੇਲ ਦੀ ਸਪਲਾਈ ਨਾਲ ਨਿਪਟਣਾ ਸੀ। ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਹਨ, ਜਿਨ੍ਹਾਂ ਨੇ ਵਪਾਰ ਦੇ ਰੂਟ ਰਾਹੀਂ ਗਾਂ ਦੇ ਗੋਹੇ ਦੇ ਵਪਾਰ ਦੀ ਕਲਪਨਾ ਕੀਤੀ ਸੀ। ਫਿਰ ਵੀ ਗੋਹੇ ਦਾ ਆਯਾਤ (ਦਰਾਮਦ) ਦੇਸ਼ ਦੇ ਅੰਦਰ ਇਕ ਗਰਮ ਮੁੱਦਾ ਬਣ ਗਿਆ ਸੀ। ਹੋਰ ਤੱਥਾਂ ਦੇ ਸਾਹਮਣੇ ਆਉਣ ਨਾਲ ਤੱਤਕਾਲੀ ਵਣਜ ਮੰਤਰੀ ਨੇ ਆਖਿਰ ਸੰਸਦ 'ਚ ਐਲਾਨ ਕੀਤਾ ਕਿ ਪਸ਼ੂ ਖਾਦ (ਗੋਹੇ) ਨੂੰ ਨਕਾਰਾਤਮਕ ਸੂਚੀ 'ਚ ਲਿਆਂਦਾ ਜਾਵੇਗਾ, ਜਿਸ ਦਾ ਮਤਲਬ ਹੈ ਕਿ ਸਰਕਾਰ ਦੀ ਮਨਜ਼ੂਰੀ ਬਿਨਾਂ ਇਸ ਨੂੰ ਦਰਾਮਦ ਨਹੀਂ ਕੀਤਾ ਜਾ ਸਕੇਗਾ। ਪਰ ਇਹ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ। ਮੈਨੂੰ ਯਾਦ ਹੈ ਕਿ ਜਦੋਂ ਗੋਹੇ ਦੇ ਦਰਾਮਦ ਦਾ ਮੁੱਦਾ ਸਿਖਰ 'ਤੇ ਸੀ ਤਾਂ ਇੱਕ ਡੱਚ (ਹਾਲੈਂਡ) ਪ੍ਰਾਈਵੇਟ ਕੰਪਨੀ ਦਾ ਇੱਕ ਉੱਚ ਅਧਿਕਾਰੀ ਮੈਨੂੰ ਮਿਲਣ ਆਇਆ ਸੀ ਤੇ ਉਸ ਨੇ ਦੱਸਿਆ ਕਿ ਹਾਲੈਂਡ ਤੋਂ ਗੋਹੇ ਦੀ ਦਰਾਮਦ ਰੋਕਣ ਦਾ ਕਦਮ ਭਾਰਤੀ ਕਿਸਾਨਾਂ ਲਈ ਕਿਵੇਂ ਨੁਕਸਾਨਦਾਇਕ ਹੋਵੇਗਾ ਤੇ ਮੈਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ 'ਇਸ ਦੀ ਚਿੰਤਾ ਨਾ ਕਰੋ'। ਤੁਸੀਂ ਇਸ ਨੂੰ ਲੰਬੇ ਸਮੇਂ ਤੱਕ ਨਹੀਂ ਰੋਕ ਸਕੋਗੇ। ਜਦੋਂ ਇਕ ਵਾਰ ਵਿਸ਼ਵ ਵਪਾਰ ਸੰਗਠਨ (ਡਬਲਿਯੂ. ਟੀ.ਓ.) ਸਮਝੌਤਾ ਪ੍ਰਭਾਵੀ ਹੋ ਗਿਆ ਤਾਂ ਅਸੀਂ ਮੁੜ ਵਾਪਸ ਆਵਾਂਗੇ।

ਇਹ ਵੇਖਦੇ ਹੋਏ ਕਿ ਡੱਚ ਖੇਤਾਂ 'ਚੋਂ ਦੇਸ਼ ਦਾ 41 ਫੀਸਦੀ ਜ਼ਹਿਰੀਲਾ ਉਤਸਰਜਨ (ਨਿਕਾਸ) ਪੈਦਾ ਹੁੰਦਾ ਹੈ, ਨੀਦਰਲੈਂਡ ਨੇ ਪਹਿਲਾਂ ਹੀ ਇਸ ਖੇਤੀਬਾੜੀ ਨਿਕਾਸ ਨੂੰ ਘਟਾਉਣ ਲਈ 24.3 ਅਰਬ ਯੂਰੋ ਵੱਖਰੇ ਤੌਰ 'ਤੇ ਰੱਖੇ ਹੋਏ ਹਨ ਤੇ ਇਸ 'ਚ ਖੇਤੀ ਛੱਡਣ ਵਾਲੇ ਕਿਸਾਨਾਂ ਨੂੰ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਰਕਮ ਵੀ ਸ਼ਾਮਿਲ ਹੈ। ਡੱਚ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਭਾਵੇਂ ਉਹ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਸਮਝਦੇ ਹਨ, ਪਰ ਦੇਸ਼ ਦੇ ਕੋਲ ਬਹੁਤ ਘੱਟ ਬਦਲ (ਵਿਕਲਪ) ਬਚੇ ਹਨ, ਕਿਉਂਕਿ ਯੂਰਪੀਅਨ ਯੂਨੀਅਨ ਨੇ 2050 ਤੱਕ ਜ਼ੀਰੋ ਨਿਕਾਸ (ਈਮਿਸ਼ਨ) ਦੇ ਮੁਸ਼ਕਿਲ ਟੀਚੇ ਨੂੰ ਪ੍ਰਾਪਤ ਕਰਨ ਦੀ ਯੋਜਨਾ ਬਣਾਈ ਹੈ। ਕਠਿਨ ਸਮੇਂ ਕਠੋਰ ਉਪਾਵਾਂ ਦੀ ਮੰਗ ਕਰਦੇ ਹਨ। ਇਸ ਲਈ ਹੈਰਾਨੀ ਨਹੀਂ ਹੋਵੇਗੀ, ਜੇਕਰ ਭਾਰਤ ਵਲੋਂ ਇਕ ਵਾਰ ਪਸ਼ੂਆਂ ਦੇ ਗੋਹੇ ਦੀ ਦਰਾਮਦ ਦੀ ਛੱਡੀ ਗਈ ਤਜਵੀਜ਼ ਨੂੰ ਮੁੜ ਨਵਿਆਉਣ ਦੀ ਕੋਸ਼ਿਸ਼ ਕੀਤੀ ਜਾਵੇ।

# ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਕੇ ਮਿਸਾਲ ਬਣਿਆ ਪਿੰਡ ਜਟਾਣਾ

ਜੇਕਰ ਇਸ ਵਾਰ ਲੁਧਿਆਣਾ 'ਚ ਹਵਾ ਪ੍ਰਦੂਸ਼ਣ ਦੀ ਗੱਲ ਕਰੀਏ ਤਾਂ ਇਸ ਵਾਰ ਪ੍ਰਦੂਸ਼ਣ ਪਿਛਲੇ ਸਾਲ ਦੇ ਮੁਕਾਬਲੇ 'ਚ ਘੱਟ ਰਿਹਾ ਹੈ ਅਤੇ ਜੇ ਇਸ ਨੂੰ ਪਰਾਲੀ ਦੇ ਸਾੜਨ ਦੇ ਪੱਖੋਂ ਦੇਖੀਏ ਤਾਂ ਇਹ ਇਕ ਵੱਡੀ ਉਪਲੱਬਧੀ ਹੈ, ਜੋ ਨਾ ਸਿਰਫ ਯੂਨੀਵਰਸਿਟੀ ਅਤੇ ਕੇ. ਵੀ. ਕੇ. ਸਮਰਾਲਾ ਦੇ ਅਣਥੱਕ ਯਤਨਾਂ ਦਾ ਨਤੀਜਾ ਹੈ, ਬਲਕਿ ਕਿਸਾਨਾਂ ਵਲੋਂ ਯੂਨੀਵਰਸਿਟੀ ਦੁਆਰਾ ਸਿਫਾਰਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉਣ ਦਾ ਵੀ ਨਤੀਜਾ ਹੈ। ਇਸ ਵਾਰ ਜੇਕਰ ਪਰਾਲੀ ਨੂੰ ਸਾੜਨ ਦੀ ਗੱਲ ਕਰੀਏ ਤਾਂ ਲੁਧਿਆਣਾ ਦੇ ਕਈ ਪਿੰਡਾਂ 'ਚ ਨਾਂਹ ਦੇ ਬਰਾਬਰ ਅੱਗ ਲੱਗੀ ਹੈ, ਜਦੋਂ ਕਿ ਕਈ ਪਿੰਡਾਂ 'ਚ ਪਰਾਲੀ ਨੂੰ ਬਿਲਕੁਲ ਵੀ ਅੱਗ ਨਹੀਂ ਲਗਾਈ ਗਈ ਹੈ। ਇਸ 'ਚ ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ ਦੀ ਟੀਮ ਵਲੋਂ ਪਿੰਡਾਂ ਦੇ ਕਿਸਾਨਾਂ ਨੂੰ ਸਮੇਂ-ਸਮੇਂ ਸਿਰ ਤਕਨੀਕੀ ਸਹਿਯੋਗ ਦੇਣਾ, ਕਿਸਾਨਾਂ ਨਾਲ ਨਿੱਘੇ ਤੌਰ 'ਤੇ ਜੁੜੇ ਹੋਣਾ ਅਤੇ ਪਰਾਲੀ ਪ੍ਰਬੰਧਨ ਤਕਨੀਕਾਂ/ਮਸ਼ੀਨਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਲਈ ਸਿਖਲਾਈ ਅਤੇ ਪ੍ਰਦਰਸ਼ਨੀ ਦੇਣਾ ਵੀ ਪਿੰਡ ਨੂੰ ਅੱਗ ਮੁਕਤ ਕਰਵਾਉਣ 'ਚ ਭੂਮਿਕਾ ਨਿਭਾਉਂਦਾ ਹੈ।

ਪਿੰਡ ਜਟਾਣਾ ਦੇ ਕਿਸਾਨ ਕੇ. ਵੀ. ਕੇ., ਸਮਰਾਲਾ ਨਾਲ ਕਈ ਸਾਲਾਂ ਤੋਂ ਜੁੜੇ ਹੋਏ ਸਨ ਅਤੇ ਆਪਣੇ ਖੇਤਾਂ 'ਚ ਕਈ ਤਰ੍ਹਾਂ ਦੇ ਤਜ਼ਰਬੇ ਕਰਦੇ ਆ ਰਹੇ ਸਨ। ਪਿੰਡ ਦੇ ਕਿਸਾਨਾਂ ਦਾ ਕੇ.ਵੀ.ਕੇ., ਸਮਰਾਲਾ, ਫਾਰਮ 'ਤੇ ਆ ਕੇ ਵੱਖ-ਵੱਖ ਮਸ਼ੀਨਾਂ (ਹੈਪੀ ਸੀਡਰ, ਪਲਟਾਵਾਂ ਹਲ, ਸੁਪਰ ਸੀਡਰ, ਸਮਾਰਟ ਸੀਡਰ ਆਦਿ) ਰਾਹੀਂ ਪਰਾਲੀ ਪ੍ਰਬੰਧਨ 'ਚ ਬੜੀ ਦਿਲਚਸਪੀ ਰਹੀ ਹੈ। ਇਸ ਤੋਂ ਸੇਧ ਲੈ ਕੇ ਪਿੰਡ ਜਟਾਣਾ ਦੇ ਅਗਾਂਹਵਧੂ ਕਿਸਾਨ ਹਰਜੀਤ ਸਿੰਘ ਨੇ 2019 'ਚ ਇਕ ਹੈਪੀ ਸੀਡਰ ਲਿਆ ਅਤੇ ਕੇ.ਵੀ.ਕੇ., ਸਮਰਾਲਾ ਦੇ ਸਹਿਯੋਗ ਨਾਲ ਪਹਿਲੇ ਸਾਲ ਹੀ 45 ਏਕੜ ਤਕਨੀਕੀ ਕਣਕ ਦੀ ਝੋਨੇ ਦੀ ਪਰਾਲੀ 'ਚ ਸਿੱਧੀ ਬਿਜਾਈ ਕੀਤੀ। ਪਿੰਡ ਦੇ ਸਾਰੇ ਕਿਸਾਨ ਇਸ ਤਜਰਬੇ ਨੂੰ ਲੈ ਕੇ ਬੜੇ ਉਤਸ਼ਾਹਿਤ ਸਨ, ਕਿਉਂਕਿ ਹੈਪੀ ਸੀਡਰ ਤਕਨੀਕੀ ਦੇ ਨਾਲ ਜਿੱਥੇ ਪਰਾਲੀ ਨੂੰ ਪ੍ਰਬੰਧਨ ਕਰਨਾ ਸੌਖਾ ਸੀ, ਉੱਥੇ ਹੀ ਕਣਕ ਦੀ ਬਿਜਾਈ 'ਚ ਆਉਣ ਵਾਲੇ ਖਰਚੇ ਵੀ ਬਹੁਤ ਘਟਦੇ ਸਨ, ਕਿਉਂਕਿ ਖੇਤ ਨੂੰ ਤਿਆਰ ਕਰਨ ਦਾ ਖਰਚ ਅਤੇ ਟਰੈਕਟਰ ਤੇ ਹੋਰ ਸੰਦਾ ਦੀ ਘਸਾਈ ਵਰਗੇ ਵਾਧੂ ਖਰਚੇ ਅਤੇ ਸਮੇਂ ਦੀ ਬਹੁਤ ਬੱਚਤ ਸੀ। ਇਸ 'ਚ ਕੋਈ ਦੋ ਰਾਏ ਨਹੀਂ ਕਿ ਹੈਪੀ ਸੀਡਰ ਤਕਨੀਕ 'ਚ ਬਹੁਤ ਦਮ ਹੈ ਪਰ ਗੱਲ ਦਲੇਰੀ ਅਤੇ ਅੱਗੇ ਲੱਗਣ ਦੀ ਸੀ, ਇਹ ਸ. ਹਰਜੀਤ ਸਿੰਘ ਅਤੇ ਸ. ਅਮਨਦੀਪ ਸਿੰਘ ਨੇ ਕਰ ਦਿਖਾਇਆ। ਉਸ ਸਾਲ ਹੈਪੀ ਸੀਡਰ ਨਾਲ ਬੀਜੇ ਹੋਏ ਖੇਤਾਂ ਦਾ ਝਾੜ (22.5 ਕੁਇੰਟਲ/ਏਕੜ) ਆਮ ਵਾਹ ਕੇ ਬੀਜੇ ਖੇਤਾਂ ਦਾ ਝਾੜ (21.0 ਕੁਇੰਟਲ/ਏਕੜ) ਨਾਲੋਂ ਵੱਧ ਰਿਹਾ; ਕਿਉਂਕਿ ਹੈਪੀ ਸੀਡਰ ਨਾਲ ਬੀਜੀ ਕਣਕ ਆਮ ਖੇਤਾਂ ਦੇ ਮੁਕਾਬਲੇ 7-10 ਦਿਨ ਪੱਕਣ ਲਈ ਜ਼ਿਆਦਾ ਲੈਂਦੀ ਹੈ, ਜਿਸ ਕਰਕੇ ਕਣਕ ਦਾ ਦਾਣਾ ਮੋਟਾ ਬਣਦਾ ਹੈ।



ਇਨ੍ਹਾਂ ਸਾਰਿਆਂ ਤਜਰਬਿਆਂ ਨੂੰ ਦੇਖ ਕੇ ਪਿੰਡ ਦੇ ਕਿਸਾਨ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਸ. ਹਰਜੀਤ ਸਿੰਘ ਤੋਂ ਪ੍ਰੇਰਨਾ ਲੈ ਕੇ ਅਗਲੇ ਸਾਲ ਹੈਪੀ ਸੀਡਰ ਨਾਲ ਕਣਕ ਬੀਜਣ ਦਾ ਫੈਸਲਾ ਲਿਆ। ਇਸ ਸਾਲ ਪਿੰਡ ਦੇ ਕਿਸਾਨਾਂ ਨੇ ਇਕੱਠੇ ਹੋ ਕੇ ਪਿੰਡ 'ਚ 15 ਹੈਪੀ ਸੀਡਰ ਖਰਦੇ ਅਤੇ ਆਪਣੀ ਕਣਕ ਦੀ ਬਿਜਾਈ ਹੈਪੀ ਸੀਡਰ ਦੇ ਨਾਲ ਕੀਤੀ ਹੈ, ਜਿਸ ਸਦਕਾ ਆਪਣੇ ਪੂਰੇ ਪਿੰਡ ਨੂੰ ਅੱਗ ਮੁਕਤ ਕਰ ਦਿੱਤਾ ਹੈ ਅਤੇ ਪਿੰਡ ਦੇ ਕਿਸਾਨਾਂ ਨੇ ਨਾ ਸਿਰਫ ਆਪਣੇ ਪਿੰਡ (2020 ਤੋਂ ਬਿਲਕੁਲ ਵੀ ਅੱਗ ਨਹੀਂ ਲਗਾਈ) ਬਲਕਿ ਆਪਣੇ ਨਾਲ ਦੇ ਪਿੰਡਾਂ 'ਚ ਵੀ ਕਿਰਾਏ 'ਤੇ ਹੈਪੀ ਸੀਡਰ ਨਾਲ ਕਣਕ ਦੀ ਬੀਜਾਈ ਕਰ ਕੇ ਪਿੰਡਾਂ 'ਚ ਨਾ ਦੇ ਬਰਾਬਰ ਹੀ ਅੱਗ ਲੱਗਣ ਦਿੱਤੀ ਹੈ। ਪਿੰਡਾਂ ਦੇ ਕਿਸਾਨਾਂ ਦਾ ਕੇ. ਵੀ. ਕੇ., ਸਮਰਾਲਾ ਨੂੰ ਵਾਅਦਾ ਹੈ ਕਿ ਉਹ ਕੇ. ਵੀ. ਕੇ. ਦੇ ਨਾਲ ਜੁੜ ਕੇ ਆਉਣ ਵਾਲੇ ਸਮੇਂ 'ਚ ਵੱਧ ਤੋਂ ਵੱਧ ਪਿੰਡਾਂ 'ਚ ਪਰਾਲੀ ਨੂੰ ਨਾ ਸਾੜਨ ਲਈ ਆਪਣੇ ਇਸ ਕਾਰਜ ਨਾਲ ਮਨੁੱਖਤਾ ਦਾ ਭਲਾ ਕਰਨਗੇ।

ਕਰਣ ਸ਼ਰਮਾ, ਜਗਦੀਪ ਕੌਰ ਅਤੇ ਹਰਸ਼ਨੀਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ।

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ,
ਪੀ. ਏ. ਯੂ., ਲੁਧਿਆਣਾ (ਮੋ. 94647-20231)



# ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ, ਕੀੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

**ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਤਕਰੀਬਨ 28.1 ਹਜ਼ਾਰ ਹੈਕਟੇਅਰ ਵਿਚ ਕੀਤੀ ਜਾਂਦੀ ਹੈ ਅਤੇ 249.3 ਕੁਇੰਟਲ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ 700 ਹਜ਼ਾਰ ਟਨ ਉਤਪਾਦਨ ਹਰ ਸਾਲ ਹੁੰਦਾ ਹੈ। ਅੱਜ ਦੇ ਸਮੇਂ ਵਿਚ ਪੰਜਾਬ ਵਿਚ ਪ੍ਰਤੀ ਜੀਅ ਸਬਜ਼ੀਆਂ ਦੀ ਖਪਤ 200 ਗ੍ਰਾਮ ਤੋਂ ਵੀ ਘੱਟ ਹੈ। ਇਸ ਲਈ ਸਬਜ਼ੀਆਂ ਪੈਦਾ ਕਰਨਾ ਅਜੋਕੇ ਸਮੇਂ ਦੀ ਲੋੜ ਹੈ। ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਮੁੱਖ ਤੌਰ ਦੇ ਗਾਜਰ, ਮੂਲੀ ਅਤੇ ਸ਼ਲਗਮ ਆਉਂਦੇ ਹਨ। ਇਨ੍ਹਾਂ ਵਿਚੋਂ ਗਾਜਰ ਦੇ ਬੀਜ ਨੂੰ ਪੁੰਗਰਨ ਲਈ 7.2-23.9 ਡਿਗਰੀ ਸੈਂਟੀਗ੍ਰੇਡ ਤਾਪਮਾਨ ਚਾਹੀਦਾ ਹੈ। ਗਾਜਰ ਦਾ ਵਧੀਆ ਰੰਗ 15-20 ਡਿਗਰੀ ਸੈਂਟੀਗ੍ਰੇਡ ਤੇ ਬਣਦਾ ਹੈ। ਮੂਲੀ ਅਤੇ ਸ਼ਲਗਮ ਭਾਵੇਂ ਹਰ ਕਿਸਮ ਦੀ ਜ਼ਮੀਨ ਵਿਚ ਉਗਾਏ ਜਾ ਸਕਦੇ ਹਨ, ਪਰ ਰੇਤਲੀ ਮੈਰਾ ਭੁਰਭੁਰੀ ਜ਼ਮੀਨ ਇਸ ਲਈ ਚੰਗੀ ਮੰਨੀ ਜਾਂਦੀ ਹੈ। ਇਹ ਫਸਲਾਂ ਹਲਕੇ ਤੇਜ਼ਾਬੀ ਮਾਦੇ ਵਾਲੀਆਂ ਜ਼ਮੀਨਾਂ, ਜਿਨ੍ਹਾਂ ਦੀ ਪੀ ਐੱਚ 5.5 ਤੋਂ 6.8 ਹੋਵੇ, ਵਿਚ ਉਗਾਈਆਂ ਜਾ ਸਕਦੀਆਂ ਹਨ। ਰੇਤਲੀ ਮੈਰਾ ਜ਼ਮੀਨ ਜੜ੍ਹਾਂ ਦੇ ਪ੍ਰਫੁੱਲਤ ਹੋਣ ਲਈ ਬਹੁਤ ਵਧੀਆ ਹੁੰਦੀ ਹੈ। ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਸੁਚੱਜੀ ਕਾਸ਼ਤ ਦੇ ਢੰਗ ਹੇਠ ਲਿਖੇ ਹਨ।**

## ਉੱਨਤ ਕਿਸਮਾਂ :

### ਗਾਜਰ

**ਪੀ ਸੀ 161** : ਇਸ ਦੇ ਪੱਤੇ ਛੋਟੇ ਗੂੜ੍ਹੇ ਹਰੇ ਅਤੇ ਗਾਜਰਾਂ ਗੂੜ੍ਹੀਆਂ ਲਾਲ, ਲਗਭਗ 30 ਸੈਂਟੀਮੀਟਰ ਲੰਮੀਆਂ ਅਤੇ 2.84 ਸੈਂਟੀਮੀਟਰ ਵਿਆਸ ਦੀਆਂ ਹੁੰਦੀਆਂ ਹਨ। ਇਸ ਦੀ ਔਸਤ ਪੈਦਾਵਾਰ 256 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਕੈਰਟ ਰੈੱਡ** : ਇਸ ਦੇ ਪੱਤੇ ਗੂੜੇ ਹਰੇ ਅਤੇ ਗਾਜਰਾਂ ਗੂੜ੍ਹੀਆਂ



ਲਾਲ, ਲਗਭਗ 27 ਸੈਂਟੀਮੀਟਰ ਲੰਮੀਆਂ ਅਤੇ 3.40 ਸੈਂਟੀਮੀਟਰ ਵਿਆਸ ਦੀਆਂ ਹੁੰਦੀਆਂ ਹਨ। ਇਸ ਦੀ ਔਸਤ ਪੈਦਾਵਾਰ 230 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਬਲੈਕ ਬਿਊਟੀ** : ਇਸ ਦੀਆਂ ਜੜ੍ਹਾਂ ਕਾਲੀਆਂ ਹੁੰਦੀਆਂ ਹਨ ਜੋ ਕਿ 26 ਸੈਂਟੀਮੀਟਰ ਲੰਮੀਆਂ ਵਿਆਸ ਦੀਆਂ ਹੁੰਦੀਆਂ ਹਨ। ਖੁਰਾਕੀ ਪੱਖ ਤੋਂ ਇਹ ਬਹੁਤ ਵਧੀਆ ਕਿਸਮ ਹੈ ਅਤੇ ਦਵਾਈਆਂ ਬਣਾਉਣ ਦੇ ਕੰਮ ਵੀ ਆਉਂਦੀ ਹੈ। ਇਸ ਦੀ ਔਸਤ ਪੈਦਾਵਾਰ 196 ਕੁਇੰਟਲ ਪ੍ਰਤੀ ਏਕੜ ਹੈ।

**ਪੀ ਸੀ-34** : ਗੂੜ੍ਹੀਆਂ ਲਾਲ ਜੜ੍ਹਾਂ, 25 ਸੈ. ਮੀਂ ਲੰਮੀਆਂ ਅਤੇ 3.15 ਸੈਂਮੀ. ਵਿਆਸ ਵਾਲੀਆਂ ਇਹ ਗਾਜਰਾਂ ਖੁਰਾਕੀ ਪੱਖ ਤੋਂ ਵੀ ਕਾਫੀ ਅਹਿਮ ਹਨ। ਇਸ ਦੀ ਪੈਦਾਵਾਰ 204 ਕੁਇੰਟਲ ਪ੍ਰਤੀ ਏਕੜ ਹੈ।

### ਮੂਲੀ :

**ਪੰਜਾਬ ਸਫੈਦ ਮੂਲੀ-2** : ਇਹ ਮੂਲੀ ਲੰਮੀ (34 ਸੈਂਮੀ.) ਦੁੱਧ ਚਿੱਟੀ ਅਤੇ ਵਾਲ ਰਹਿਤ ਹੁੰਦੀ ਹੈ। ਇਹ ਕਿਸਮ ਤਕਰੀਬਨ 60 ਦਿਨ ਤੱਕ ਬਿਨਾਂ ਪੱਕੇ ਖੇਤ ਵਿਚ ਰਹਿ ਸਕਦੀ ਹੈ। ਇਸ ਦੀ ਪੈਦਾਵਾਰ 236 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਪਸੰਦ** : ਇਹ ਮੂਲੀ ਲੰਮੀ, ਦੁੱਧ ਚਿੱਟੀ ਇਕਸਾਰ ਮੋਟਾਈ ਵਾਲੀ ਅਤੇ ਵਾਲ ਰਹਿਤ, ਪੱਤੇ ਘੱਟ ਅਤੇ ਸਿੱਧੇ ਖੜ੍ਹੇ ਹੁੰਦੇ ਹਨ। ਮੁੱਖ ਮੌਸਮ ਲਈ ਇਹ ਛੇਤੀ ਤਿਆਰ ਹੋਣ ਵਾਲੀ ਕਿਸਮ ਹੈ ਜੋ ਕਿ ਬਿਜਾਈ ਤੋਂ 45 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ। ਮੁੱਖ ਮੌਸਮ ਵਿਚ ਔਸਤ ਪੈਦਾਵਾਰ 215 ਕੁਇੰਟਲ ਪ੍ਰਤੀ ਏਕੜ ਹੈ ਅਤੇ ਬੇਮੌਸਮੀ ਫਸਲ ਵਿਚ 140 ਕੁਇੰਟਲ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ।

**ਪੂਸਾ ਹਿਮਾਨੀ** : ਇਹ ਠੰਢੇ ਮੌਸਮ ਜਨਵਰੀ ਦੇ ਦੂਜੇ ਪੰਦਰਵਾੜੇ ਵਿਚ ਬੀਜੀ ਜਾਂਦੀ ਹੈ। ਮੂਲੀਆਂ ਚਿੱਟੀਆਂ, ਹਰੇ ਪੱਤਿਆਂ ਵਾਲੀਆਂ, ਘੱਟ ਕੌੜੀਆਂ, 30-45 ਸੈਂਟੀਮੀਟਰ ਲੰਮੀਆਂ ਅਤੇ 10-12 ਸੈਂਟੀਮੀਟਰ ਵਿਆਸ ਵਾਲੀਆਂ ਹੁੰਦੀਆਂ ਹਨ। ਇਹ ਮੂਲੀਆਂ ਬਿਜਾਈ ਤੋਂ ਪੁੱਟਣ ਤੱਕ 60-65 ਦਿਨ ਲੈਂਦੀਆਂ ਹਨ ਅਤੇ ਔਸਤ ਝਾੜ 160 ਕੁਇੰਟਲ ਪ੍ਰਤੀ ਏਕੜ ਹੈ।



**ਪੂਸਾ ਚੇਤਕੀ** : ਪੱਤੇ ਦਰਮਿਆਨੇ ਆਕਾਰ ਦੇ ਅਤੇ ਬਿਨਾ ਕਟਾਵਾਂ ਵਾਲੇ, ਮੂਲੀਆਂ ਦੁੱਧ ਵਰਗੀ ਚਿੱਟੀ, ਸਾਫ, ਦਰਮਿਆਨੀ ਲੰਮੀ (15.5 ਸੈਂਟੀਮੀਟਰ), ਮੋਟੀ (3.5 ਸੈਂਟੀਮੀਟਰ) ਸਿਰੇ ਤੋਂ ਖੁੰਢੀਆਂ ਅਤੇ ਕੁਝ ਕੌੜੀਆਂ ਹੁੰਦੀਆਂ ਹਨ। ਇਹ ਕਿਸਮ ਅਪ੍ਰੈਲ ਤੋਂ ਅਗਸਤ ਤੱਕ ਬੀਜਣ ਲਈ ਢੁੱਕਵੀਂ ਹੈ। ਔਸਤ ਪੈਦਾਵਾਰ 105 ਕੁਇੰਟਲ ਅਤੇ ਬੀਜ ਦਾ ਝਾੜ 4.5 ਕੁਇੰਟਲ ਪ੍ਰਤੀ ਏਕੜ ਨਿਕਲ ਆਉਂਦਾ ਹੈ।

**ਜਪਾਨੀ ਵ੍ਹਾਈਟ** : ਇਹ ਕਿਸਮ ਮੁੱਖ ਸਮੇਂ ਵਿਚ ਪਛੇਤੀ ਬਿਜਾਈ ਲਈ ਕਾਸ਼ਤ ਕੀਤੀ ਜਾਂਦੀ ਹੈ। ਇਸ ਦੇ ਪੱਤੇ ਦਰਮਿਆਨਾ ਅਤੇ ਡੂੰਘੀਆਂ ਕਟਾਵਾਂ ਵਾਲੇ ਹੁੰਦੇ ਹਨ। ਮੂਲੀਆਂ ਬਿਲਕੁਲ ਚਿੱਟੀਆਂ, ਗੁਲਾਈਦਾਰ ਅਤੇ ਅਖੀਰਲੇ ਸਿਰੇ ਤੋਂ ਖੁੰਢੀਆਂ ਹੁੰਦੀਆਂ ਹਨ। ਇਸ ਦੀ ਔਸਤ ਪੈਦਾਵਾਰ ਪ੍ਰਤੀ ਏਕੜ 160 ਕੁਇੰਟਲ ਹੈ।

### ਸ਼ਲਗਮ

**ਐੱਲ 1** : ਇਸ ਕਿਸਮ ਦੀ ਜੜ੍ਹ ਗੋਲ, ਸਫੈਦ, ਪੱਧਰੀ, ਚੂਹੇ ਪੂੰਛੀ ਅਤੇ ਨਿੰਮੀ-ਨਿੰਮੀ ਮਹਿਕ ਵਾਲੀ ਹੁੰਦੀ ਹੈ। ਇਹ ਬੀਜਣ ਤੋਂ 45 ਤੋਂ 60 ਦਿਨਾਂ ਬਾਅਦ ਪੁੱਟੀ ਜਾ ਸਕਦੀ ਹੈ। ਇਸ ਦੇ ਪੱਤੇ ਪੂਰੇ ਖੜ੍ਹਵੇਂ, ਦਰਮਿਆਨੇ ਆਕਾਰ ਦੇ ਅਤੇ ਗੂੜ੍ਹੇ ਰੰਗ ਦੇ ਹੁੰਦੇ ਹਨ। ਇਹ ਔਸਤਨ 105 ਕੁਇੰਟਲ ਪ੍ਰਤੀ ਏਕੜ ਉਪਜ ਦਿੰਦੀ ਹੈ।

## ਸੁਚੱਜੀ ਕਾਸ਼ਤ ਦੇ ਢੰਗ

★ ਗਾਜਰਾਂ ਅਤੇ ਮੂਲੀਆਂ ਲਈ ਬੀਜ ਦੀ ਮਾਤਰਾ 4-5 ਕਿਲੋ ਅਤੇ ਸ਼ਲਗਮਾਂ ਲਈ 2 ਕਿਲੋ ਪ੍ਰਤੀ ਏਕੜ ਕਾਫੀ ਹੈ।

★ ਗਾਜਰਾਂ ਅਤੇ ਸ਼ਲਗਮ ਦੀਆਂ ਦੇਸੀ ਕਿਸਮਾਂ, ਅਗਸਤ-ਸਤੰਬਰ ਅਤੇ ਅੰਗਰੇਜ਼ੀ ਕਿਸਮਾਂ ਅਕਤੂਬਰ-ਨਵੰਬਰ ਵਿਚ ਬੀਜੀਆਂ ਜਾਂਦੀਆਂ ਹਨ।

★ ਮੂਲੀਆਂ ਸਰਦ ਰੁੱਤ ਵਿਚ, ਗਰਮੀ ਅਤੇ ਪੱਤਝੜ ਦੀ ਰੁੱਤ ਵਿਚ ਬੀਜੀਆਂ ਜਾਂਦੀਆਂ ਹਨ। ਜੇ ਕਿਸਮ ਦੀ ਸਹੀ ਚੋਣ ਕੀਤੀ ਜਾਵੇ ਤਾਂ ਮੂਲੀ ਦੀ ਕਾਸ਼ਤ ਤਕਰੀਬਨ ਸਾਰਾ ਸਾਲ ਹੀ ਕੀਤੀ ਜਾ ਸਕਦੀ ਹੈ।

★ ਇਨ੍ਹਾਂ ਫਸਲਾਂ ਵਾਸਤੇ ਇਕ ਏਕੜ ਪਿੱਛੇ 15 ਟਨ ਰੂੜੀ ਦੀ ਖਾਦ, 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਬਿਜਾਈ ਸਮੇਂ ਪਾਉ।

★ ਗਾਜਰਾਂ ਵਾਸਤੇ ਇਨ੍ਹਾਂ ਖਾਦਾਂ ਤੋਂ ਬਿਨਾਂ 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਓ। ਕੱਚੀ ਰੂੜੀ ਨਾ ਪਾਓ।

★ ਬਿਜਾਈ ਤੋਂ ਫੌਰਨ ਬਾਅਦ ਪਹਿਲਾ ਪਾਣੀ ਲਾਉ। ਬਾਅਦ ਵਿਚ ਗਰਮੀਆਂ ਵਿਚ 6-7 ਦਿਨ ਅਤੇ ਸਰਦੀਆਂ ਵਿਚ 10-12 ਦਿਨ ਦੇ ਵਕਫੇ ਤੇ ਜ਼ਮੀਨ ਦੀ ਕਿਸਮ ਮੁਤਾਬਕ ਸਿੰਚਾਈ ਕਰੋ।

★ ਮੂਲੀ ਅਤੇ ਸ਼ਲਗਮ ਨੂੰ ਗੋਡੀ ਬਿਜਾਈ ਤੋਂ 2-3 ਹਫਤੇ ਬਾਅਦ ਕਰੋ। ਗੋਡੀ ਤੋਂ ਤੁਰੰਤ ਬਾਅਦ ਮਿੱਟੀ ਚੜ੍ਹਾਉ।

## ਕੀੜੇ :

**ਚਮਕੀਲੀ ਪਿੱਠ ਵਾਲਾ ਪਤੰਗਾ** : ਇਸ ਕੀੜੇ ਦੀਆਂ ਸੁੰਡੀਆਂ ਅਗਸਤ-



ਸਤੰਬਰ ਦੌਰਾਨ ਪੱਤਿਆਂ ਨੂੰ ਖਾਂਦੀਆਂ ਹਨ ਜਿਸ ਨਾਲ ਪੱਤਿਆਂ ਵਿਚ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ। ਰੋਕਥਾਮ ਲਈ ਲੋੜ ਅਨੁਸਾਰ 300 ਮਿਲੀਲਿਟਰ ਡਾਈਪੈਲ 8 ਐਲ ਜਾਂ 300 ਗ੍ਰਾਮ ਹਾਲਟ ਡਬਲਯੂ ਪੀ 7 ਦਿਨਾਂ ਦੇ ਵਕਫੇ ਤੇ ਸ਼ਾਮ ਵੇਲੇ ਛਿੜਕਾਅ ਕਰੋ ਜਾਂ 240 ਮਿਲੀਲਿਟਰ ਸਕਸੈਸ 2.5 ਐੱਸ (ਸਪਾਈਨੋਸੈਡ) ਜਾਂ 70 ਗ੍ਰਾਮ ਪ੍ਰਕਲੇਮ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 130 ਮਿਲੀਲਿਟਰ ਅਵਾਂਟ 15.8 ਈ ਸੀ (ਇੰਡੋਕਸਾਕਾਰਬ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕੋ।

**ਤੰਬਾਕੂ ਦੀ ਸੁੰਡੀ** : ਇਸ ਕੀੜੇ ਦਾ ਹਮਲਾ ਅਗਸਤ-ਅਕਤੂਬਰ ਵਿਚ ਹੁੰਦਾ ਹੈ। ਇਹ ਪੱਤਿਆਂ ਨੂੰ ਬਿਲਕੁਲ ਮਰੁੰਡ ਦਿੰਦਾ ਹੈ। ਛੋਟੀਆਂ ਸੁੰਡੀਆਂ ਵੱਡੀ ਗਿਣਤੀ ਵਿਚ ਇਕੱਠੇ ਪੱਤੇ ਖਾਂਦੀਆਂ ਹਨ। ਰੋਕਥਾਮ ਇਸ ਦੇ ਆਂਡਿਆਂ ਵਾਲੇ ਪੱਤੇ ਅਤੇ ਸੁੰਡੀ ਇਕੱਠੇ ਕਰ ਕੇ ਨਸ਼ਟ ਕਰ ਦਿਓ। ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵਾਲੀਆਂ ਜ਼ਹਿਰਾਂ ਨਾਲ ਇਹ ਸੁੰਡੀਆਂ ਵੀ ਮਰ ਜਾਂਦੀਆਂ ਹਨ।

## ਬਿਮਾਰੀਆਂ :

**ਪਨੀਰੀ ਦਾ ਮਰਨਾ ਅਤੇ ਸ਼ਲਗਮ ਦੀ ਗਿੱਚੀ ਗਲਣਾ** : ਬੂਟੇ ਉੱਗਣ ਤੋਂ ਪਹਿਲਾਂ ਜਾਂ ਬਾਅਦ ਵਿਚ ਮਰ ਜਾਂਦੇ ਹਨ। ਸ਼ਲਗਮ ਦੀ ਗਿੱਚੀ ਗਲਣ ਦਾ ਰੋਗ ਛੋਟੇ ਬੂਟਿਆਂ ਵਿਚ ਨਜ਼ਰ ਆਉਂਦਾ ਹੈ। ਪਹਿਲਾਂ ਗਿੱਚੀ ਦੇ ਧਾਰੀਆਂ ਪੈ ਜਾਂਦੀਆਂ ਹਨ ਜੋ ਕਾਲੀਆਂ ਹੋ ਜਾਂਦੀਆਂ ਹਨ ਅਤੇ ਪੱਤੇ ਸੁੱਕ ਜਾਂਦੇ ਹਨ। ਰੋਕਥਾਮ ਲਈ ਬੀਜ ਨੂੰ 3 ਗ੍ਰਾਮ ਕੈਪਟਾਨ ਦਵਾਈ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜੋ। ਬਿਜਾਈ ਤੋਂ ਸੱਤਵੇਂ ਤੇ ਪੰਦਰ੍ਹਵੇ ਦਿਨ ਬੂਟਿਆਂ ਦੇ ਨੇੜਿਉਂ ਮਿੱਟੀ ਨੂੰ 200 ਗ੍ਰਾਮ ਕੈਪਟਾਨ ਦਵਾਈ ਦੇ 100 ਲਿਟਰ ਪਾਣੀ ਵਿਚ ਘੋਲ ਨਾਲ ਭਿਉਂ ਦਿਓ।

**ਕਾਲੇ ਧੱਬੇ** : ਪੱਤਿਆਂ ਦੇ ਕੋਨਿਆਂ ਉੱਪਰ ਵੀ (V) ਵਰਗੇ ਚਟਾਖ ਪੈ ਜਾਂਦੇ ਹਨ ਅਤੇ ਬਾਅਦ ਵਿਚ ਇਨ੍ਹਾਂ ਦੀਆਂ ਨਾੜੀਆਂ ਕਾਲੀਆਂ ਭੂਰੀਆਂ ਤੇ ਕਰੂਪ ਹੋ ਜਾਂਦੀਆਂ ਹਨ, ਪੱਤੇ ਸੁੱਕ-ਸੜ੍ਹ ਜਾਂਦੇ ਹਨ। ਬੀਜ ਨਰੋਈ ਫਸਲ ਤੋਂ ਲਓ, ਅਤੇ ਬੀਜ ਨੂੰ 50 ਡਿਗਰੀ ਸੈਲਸੀਅਸ ਵਾਲੇ ਪਾਣੀ ਵਿਚ 30 ਮਿੰਟ ਲਈ ਡੁੱਬੋ ਕੇ ਸੁਕਾ ਲਉ। 40 ਗ੍ਰਾਮ ਸਟਰੈਪਟੋਸਾਈਕਲੀਨ ਤੇ 200 ਗ੍ਰਾਮ ਕਾਪਰ ਆਸੀਕਲੋਰਾਈਡ ਦੇ ਘੋਲ ਨੂੰ ਬਿਮਾਰੀ ਦੀ ਗੰਭੀਰਤਾ ਅਨੁਸਾਰ ਦੋ-ਤਿੰਨ ਵਾਰ ਛਿੜਕੋ। ਪੁਟਾਈ ਮਗਰੋਂ ਬਿਮਾਰ ਬੂਟੇ ਕੱਢ ਕੇ ਰਹਿੰਦ-ਖੂੰਹਦ ਦਾ ਨਾਸ਼ ਕਰ ਦਿਓ।

**ਗੋਲ ਧੱਬੇ (ਬਲਾਈਟ)** : ਹੇਠਲੇ ਪੱਤਿਆਂ ਤੇ ਗੋਲ ਧੱਬੇ ਪੈ ਜਾਂਦੇ ਹਨ। ਬੀਜ ਵਾਲੀ ਫਸਲ ਦੀਆਂ ਫਲੀਆਂ ਤੇ ਵੀ ਭੂਰੇ ਧੱਬੇ ਪੈ ਜਾਂਦੇ ਹਨ। ਬਚਾਅ ਲਈ ਬੀਜ ਸੋਧ ਕੇ ਬੀਜੋ। ਫਸਲ ਉੱਪਰ ਹਫਤੇ ਦੀ ਵਿੱਥ ਤੇ 500 ਗ੍ਰਾਮ ਇੰਡੋਫਿਲ ਐਮ-45 ਦਾ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਬਿਮਾਰ ਬੂਟੇ ਤੇ ਰਹਿੰਦ-ਖੂੰਹਦ ਨਸ਼ਟ ਕਰ ਦਿਓ। ਜੇਕਰ ਕਾਲੇ ਧੱਬਿਆਂ ਦਾ ਰੋਗ ਅਤੇ ਬਲਾਈਟ ਇਕੱਠੇ ਆਉਣ ਤਾਂ 30 ਗ੍ਰਾਮ ਐਗਰੀਮਾਈਸੀਨ 100 ਨੂੰ ਇੰਡੋਫਿਲ ਐਮ-45 ਦੇ ਘੋਲ ਵਿਚ ਰਲਾ ਕੇ ਛਿੜਕੋ।

# ਪੰਜਾਬੀਆਂ ਲਈ ਮੋਬਾਈਲ ਫੋਨ

## ਜਾਣਕਾਰੀ ਦਾ ਸਰੋਤ ਜਾਂ ਮਨੋਰੰਜਨ ਦਾ ਸਾਧਨ?

ਦੋਸਤੋ ਖੋਜ ਜਾਂ ਤਕਨੀਕ ਕੋਈ ਵੀ ਹੋਵੇ ਜੇਕਰ ਉਸਨੂੰ ਉਚਿੱਤ ਮਾਤਰਾ ਵਿਚ ਵਰਤਣਾ ਆ ਜਾਵੇ ਤਾਂ ਉਸ ਨੂੰ ਅਸੀਂ ਆਪਣੀ ਸਮਝ ਦੇ ਨਾਲ ਉਸ ਤਕਨੀਕ ਨੂੰ ਸੁਚਾਰੂ ਸੇਧ ਅਪਣਾਉਣ ਲਈ ਬਿਨਾਂ ਕਿਸੇ ਨੁਕਸਾਨ ਦੇ ਬੇਹਤਰ ਤਰਕੀਬ ਤੇ ਤਰਤੀਬ ਨਾਲ ਵਰਤ ਸਕਦੇ ਹਾਂ । ਅਸਲ ਵਿਚ ਐਂਡਰਾਇਡ ਮੋਬਾਈਲ ਫੋਨ ਦੂਰ ਦੇ ਕੰਮ ਨੇੜੇ ਤੇ ਸੁਖਾਲੇ ਅਤੇ ਸੁਖਾਵੇਂ ਕਰਨ ਲਈ ਤਿਆਰ ਕੀਤਾ ਗਿਆ ਸੀ । ਜਿਸ ਨਾਲ ਇਲੈਕਟ੍ਰਿਕ ਚਿੱਠੀ, ਪੱਤਰ ਸੁਨੇਹਾ ਸਮਾਂ ਬਚਾਉਣ ਆਦਿ ਦੇ ਨਾਲ ਗਿਆਨ ਦੇ ਸੋਮੇ ਵਜੋਂ ਉਹ ਦੇਸ਼ ਵਿਦੇਸ਼ ਦੀ ਖਬਰ, ਬਿਮਾਰੀਆਂ ਦਾ ਇਲਾਜ, ਕਿਸੇ ਥਾਂ ਤੇ ਪਹੁੰਚਣ ਲਈ ਮਾਰਗ ਦਰਸ਼ਕ, ਝੱਟ ਫੋਟੋ ਭੇਜਣ, ਅੰਕੜੇ ਦੱਸਣ ਲਈ, ਨੋਟ ਕਰਨ ਵਾਲੀ ਡਾਇਰੀ, ਝੂਠ ਸੱਚ ਵਿਚਾਰ ਪੇਸ਼ ਕਰਨ ਲਈ ਵੀਡੀਓ ਸਿਸਟਮ, ਇਕੱਠੇ ਗੱਲਬਾਤ ਕਰਨ ਲਈ, ਫੋਨ ਡਾਇਰੈਕਟਰੀ, ਤੋਂ ਲੈ ਕੇ ਪੈਸਿਆਂ ਦੇ ਅਦਾਨ ਪਦਾਨ ਦੇ ਕੰਮਾਂ ਲਈ ਵਰਤਿਆ ਜਾਂਦਾ ਹੈ ।

ਸਹੀ ਤਕਨੀਕਾਂ ਤੇ ਖੋਜਾਂ ਅਪਣਾਉਣ ਤੇ ਵਰਤੋਂ ਬਾਰੇ ਪਹਿਲੀ ਉਦਾਹਰਣ ਇਹ ਹੈ ਕਿ ਅੰਗਰੇਜ਼ਾਂ ਨੇ ਸ਼ਰਾਬ ਪੀਣ ਨੂੰ ਜ਼ਰੂਰ ਬਣਾਈ ਸੀ ਭਾਵੇਂ ਉਹ ਦਵਾਈ ਦੇ ਤੌਰ ਤੇ ਵਰਤਣ ਲਈ ਹੋਵੇ ਜਾਂ ਮਨੋਰੰਜਨ ਪਾਰਟੀ ਚ ਬੈਠ ਲੰਮਾ ਸਮਾਂ ਬਿਤਾਉਣ ਦਾ ਬਹਾਨਾ ਬਣਾਈਂ ਰੱਖਣ ਲਈ ਹੋਵੇ, ਪਰ ਸਾਨੂੰ ਸ਼ਰਾਬ ਕਿੰਨੀ ਪੀਣੀ ਹੈ ਤੇ ਕਦੋਂ ਪੀਣੀ ਹੈ ਸ਼ਾਇਦ ਏ ਸਮਝ ਅਜੇ ਤੱਕ ਨਹੀਂ ਆਈ । ਕੁਝ ਥਾਂ 'ਤੇ ਸ਼ਰਾਬ ਬੰਦਿਆਂ ਨੂੰ ਪੀਂਦੀ ਜ਼ਰੂਰ ਸੁਣਨ ਵਿਚ ਆਇਆ ਹੈ । ਕਿਉਂਕਿ ਜ਼ਿਆਦਾਤਰ ਦੇਖਿਆ ਜਾਂਦਾ ਹੈ ਕਿ ਅੰਗਰੇਜ਼ਾਂ ਨੇ ਬੋਤਲ ਦਾ ਚੌਥਾ ਹਿੱਸਾ ਇਕੱਲੇ ਬੈਠ ਕੇ ਪਿਆਕੜ ਲਈ ਪੀਣ ਲਈ ਤਦ ਬਣਾਇਆ



ਸੀ ਕਿ ਉਹ ਇਕ ਲਈ ਹੀ ਹੈ ਉਹ ਵੀ ਵਧੇਰੇ ਵਰਤੋਂ ਤੱਕ । ਬੇਸਮਝ ਤੇ ਬੇਲੋੜੀ ਵਰਤੋਂ ਵਿਚ ਹੁੰਦਾ ਕੀ ਹੈ ਕਿ ਅਸੀਂ ਸ਼ਰਾਬ ਪੀਣ ਦੀ ਵਰਤੋਂ ਡਿੱਗਣ, ਲੜਨ ਜਾਂ ਟੈਂਸ਼ਨ ਦੇ ਬਹਾਨੇ ਲੱਭਣ ਜਾਂ ਸਾਨੂੰ ਉਸੇ ਸਥਾਨ ਤੇ ਸੁਆਉਣ ਤੱਕ ਵਰਤੋਂ ਹੁੰਦੀ ਹੈ । ਦੋਸਤੋ ਏਹੀ ਹਾਲ ਅੱਜ ਸਾਡਾ ਮੋਬਾਈਲ ਫੋਨ ਦਾ ਹੈ ਜਿੱਥੇ ਜਾਣਕਾਰੀ ਜੇਕਰ ਤੁਹਾਡੇ ਜ਼ਰੂਰੀ ਸੂਚਨਾ ਜਾਂ ਕੰਮ ਲੈਣ ਜਾਂ ਦੇਣ ਵਾਲੇ ਵਿਸ਼ੇ ਦੀ ਹੈ ਤਾਂ ਉਹ ਸਾਰਾ ਦਿਨ ਨਹੀਂ ਚੱਲ ਸਕਦੀ, ਜਿੰਨੀ ਅਸੀਂ ਤਵੱਜੋ ਘੰਟਿਆਂ ਬੱਧੀ ਲੋਕਾਂ ਨੂੰ ਫੋਨ ਤੇ ਦਿੰਦਿਆਂ ਦੇਖੀਂ ਹੈ ਉਹ ਵੀ ਮੁੱਦਾਹੀਣ ਹੋ ਕੇ ਚਲਾਉਂਦਿਆਂ । ਅੱਜ ਵੀ ਬਹੁਤੇ ਤਾਂ ਬਿਨਾਂ ਜਰੂਰੀ ਕੰਮ ਦੇ ਰਾਤ ਵੀ ਫੋਨ ਚਲਾਉਂਦਿਆਂ ਆਮ ਘਰਾਂ ਵਿਚ ਦਿਖਾਈ ਦਿੰਦੇ ਹਨ ਤੇ ਮੈਸੇਜ ਕਰਦੇ ਵੀ । ਬਹੁਤੇ ਲੋਕ ਤਾਂ ਸਕੂਲੀ ਬੱਚਿਆਂ ਵਾਂਗ ਇਕ ਦੂਜੇ ਨੂੰ ਗੁੱਡ ਨਾਈਟ ਤੇ ਗੁੱਡ ਮੋਰਨਿੰਗ ਮੈਸੇਜ ਤੱਕ ਚੱਲਣ ਲੱਗ ਪਏ, ਖੈਰ ਮਾਨਸਿਕਤਾ ਤੇ ਸਮਝ ਆਪੋ ਆਪਣੀ ਹੈ । ਬਹੁਤੇ ਤਾਂ ਸਵੇਰੇ ਉਠਦੇ ਗੁਰੂ ਦੀ ਫੋਟੋ ਦੇਖ ਸ਼ੁਕਰਾਨਾ ਤਾਂ ਘੱਟ ਜਾਂ ਯਾਦ ਨਹੀਂ ਕਰਦੇ, ਬਲਕਿ ਚਾਰਜਰ ਵਧੇਰੇ ਲੱਭਦੇ ਹਨ ਜਾਂ ਆਈਂ ਪੋਸਟ ਨੂੰ ਦੇਖਣ ਦੀ ਕਾਹਲ ਵਿਚ ਹੁੰਦੇ ਟਾਈਮ ਨਾਲ ਦਬਾਅ ਸ਼ੁਰੂ ।

ਏਸੇ ਤੇ ਦੂਜੀ ਉਦਾਹਰਨ ਮੋਬਾਈਲ ਫੋਨ 'ਤੇ ਫਿੱਟ ਬੈਠਦੀ ਹੈ ਜੋ ਪਹਿਲਾਂ ਨੋਕੀਆ ਦੇ ਫੋਨ ਤੇ ਜੋ ਸੱਪ ਦੀ ਖੇਡ ਖੇਡਣ ਲਈ ਹੀ ਜ਼ਿਆਦਾ ਵਰਤੇ ਜਾਂਦੇ ਤੇ ਸਮਾਜ ਵਿਚ ਮਕਬੂਲ ਸਨ, ਜੋ ਸੱਪ ਨੂੰ ਵੱਡੇ ਵੱਡੇ ਕਰਦਿਆਂ ਆਪਸ ਵਿਚ ਸਭ ਤੇ ਜੁੜ ਬੈਠ ਕੇ ਹੱਸੀ ਖੇਡੀ ਨਾਲ ਲੰਮਾ ਸਮਾਂ ਫਿਰ ਵੀ ਨਾ ਵਧਾ ਕੇ ਫੋਨ ਬੰਦ ਕਰ ਦਿੰਦੇ ਸਾਂ । ਖੈਰ ਇਹ ਖੇਡਾਂ ਸਭ ਫੋਨ ਦੀ ਵਿਕਰੀ ਵਧਾਉਣ ਲਈ ਵੀ ਸੀ ਤੇ ਕੁਝ ਸਮੇਂ ਦਾ ਵਿਹਲਪੁਣਾ ਖਤਮ ਕਰਨ ਲਈ ਵੀ । ਇਸ ਨੂੰ ਵਰਤਦਿਆਂ ਲੰਮਾ ਸਮਾਂ ਆਪਸੀ ਭਾਈਚਾਰਕ ਸਾਂਝ ਦੇ ਮਾਹੌਲ ਵਿਚ ਗੱਲਬਾਤ ਹੁੰਦੀ ਸੀ, ਕਿਉਂਕਿ ਇਸ ਦੀ ਸਕਰੀਨ ਤੇ ਦੂਜੀ ਧਿਰ ਜੋ ਦੂਰ ਬੈਠੇਂ ਨੂੰ ਰੇਹਚਿਤ ਕਰਦੀ ਸੀ ਉਹ ਨਹੀਂ ਹੁੰਦੀ ਸੀ । ਹੁਣ ਉਹੀ ਗੱਲਾਂ ਇੱਕ ਦੂਜੇ ਦੇ ਸਾਹਮਣੇ ਹੋਣ ਨਾਲ ਜਿੱਥੇ ਕੁਝ ਹੱਦ ਤੱਕ ਸਹੀ ਦਿਸ਼ਾ ਵੱਲ ਜਾਣ ਲਈ ਗੱਲਬਾਤ ਘੱਟ ਕੇ ਸ਼ਾਂਤਮਈ ਢੰਗ ਨਾਲ ਲੰਮੀ ਚੈਟ ਵਿਚ ਬਦਲ ਗਈ ਹੈ । ਉੱਥੇ ਬੰਦਾ ਲੰਮਾ ਸਮਾਂ ਏਕਾਂਤ ਵਿਚ ਰਹਿਣਾ ਪਸੰਦ ਕਰਨ ਲੱਗਾ । ਜਿਸ ਨਾਲ ਸਮਾਜ ਵਿਚ ਬਜ਼ੁਰਗਾਂ ਰਿਸ਼ਤਿਆਂ ਵਿਚ ਫਾਸਲਾ ਵਧਿਆ । ਬਹੁਤਿਆਂ ਤਾਂ ਉਸਨੂੰ ਹੀ ਪਰਿਵਾਰ ਮੰਨ ਲਿਆ ।

ਬਹੁਤੇ ਲੋਕ, ਦੇਖਣ ਵਿਚ ਇਹ ਵੀ ਆਇਆ ਹੈ ਕਿ ਫੋਨ ਜ਼ੇਬ ਵਿਚ ਹੋਣ ਕਰਕੇ ਘੜੀ ਗੁੱਟ ਤੇ ਬਣਨੀ ਵੀ ਛੱਡ ਗਏ, ਜੋ ਇਨਸਾਨ ਦੇ ਸੂਝਵਾਨ ਤੇ ਸਮਝਦਾਰ ਹੋਣ ਤੇ ਸਮੇਂ ਦੇ ਪਾਬੰਦ ਹੋਣ ਦੀ ਨਿਸ਼ਾਨੀ ਸੀ । ਹੁਣ ਅਜੋਕੇ ਸਮੇਂ ਨਾਲ ਬਾਰ ਬਾਰ ਜ਼ੇਬ ਵਿਚੋਂ ਫੋਨ ਕੱਢਕੇ ਸਮਾਂ ਦੇਖਿਆ ਜਾਂਦਾ ਹੈ । ਕਈ ਤਾਂ ਫੋਨ ਹੱਥਾਂ ਵਿਚ ਸਾਰਾ ਦਿਨ ਫੜਨ ਤੱਕ ਮਜ਼ਬੂਰ ਨੇ ਜੋ ਬਾਰ ਬਾਰ ਮੈਸੇਜ ਦੇਖਣ ਭੇਜਨ ਲਈ ਫਟਾਫਟ ਤਿਆਰ ਰਹਿੰਦੇ ਨੇ ਬਹਾਨਾ ਟਾਈਮ ਦੇਖਣ ਦਾ ਵੀ ਨਾਲ ਹੁੰਦਾ ਹੈ । ਹਾਲਾਂਕਿ ਪੁਰਾਣੇ ਸਮਿਆਂ ਵਿਚ ਘੜੀ ਲੰਮੀ ਚੇਨ ਵਾਲੀ ਜਾਂ ਗਲੇ 'ਚ ਪਾਈ ਜਾਂਦੀ ਸੀ ਜਾਂ ਗਲੇ ਦੇ ਦੂਜੇ ਬਟਨ ਨਾਲ ਬੰਨ ਘੜੀ ਕਮੀਜ਼ ਦੇ ਅੰਦਰ ਲਟਕਾਈ ਰੱਖਿਆ ਗਿਆ ਪਰ ਓਹਲੇ ਰੱਖ ਕੇ ਪੁਰਾਣੇ ਬੰਦੇਆਪਣੇ ਕੰਮ ਤੇ ਫੋਕਸ ਰਹਿੰਦੇ ਸਨ ਘੜੀ ਉਹਲੇ ਰੱਖਦੇ ਸਨ । ਤਕਨੀਕ ਤੇ ਸਮਾਂ ਲੰਘਣ ਤੇ ਸਾਰਾ ਸਮਾਂ ਫੋਨ ਹੱਥਾਂ ਵਿਚ ਰਹਿਣਾ ਜਾਂ ਬਾਰ ਬਾਰ ਕੱਢਣਾ ਕੀਤੇ ਅਸੀਂ ਬੇਸਮਝ ਹੋਣ ਕਰਕੇ ਉਸਦੇ ਗੁਲਾਮ ਜਿਆ ਹੋਣਾ ਸਿੱਧ ਹੁੰਦੇ ਹਾਂ ।

ਅੱਜ ਕੱਲ੍ਹ ਮਾਪਿਆਂ ਦੇ ਸਹਿਯੋਗ ਨਾਲ ਵੀ ਇੱਕ ਬੱਚਾ ਦੂਜੇ ਬੱਚੇ ਨੂੰ ਦੇਖ ਕੇ ਸੋਸ਼ਲ ਮੀਡੀਏ ਤੇ ਆਪਣੇ ਭੰਗੜੇ ਗਿੱਧੇ ਆਨਲਾਈਨ ਗੱਲਬਾਤ ਦੇ ਪੇਜ਼ ਬਣਾ ਰਿਹਾ ਹੈ । ਜਿਸ ਨੂੰ ਮਾਪਿਆਂ ਵੱਲੋਂ ਬੱਚਿਆਂ ਨੂੰ ਪ੍ਰਮੋਟ ਕੀਤਾ ਜਾਂਦਾ ਹੈ ਤੇ ਉਸਦੇ ਪੇਜ਼ ਦੇ ਲਿੰਕ ਨੂੰ ਖੁਸ਼ੀ ਖੁਸ਼ੀ ਨਾਲ ਆਪਣੇ ਨਜ਼ਦੀਕੀਆਂ ਨਾਲ ਸਾਂਝਾ ਕੀਤਾ ਜਾਂਦਾ ਹੈ ਜਿਵੇਂ ਕੋਈ ਘੋਰ ਮਿਹਨਤ ਤੇ ਇੰਟਰਨੈਸ਼ਨਲ ਕੱਪ ਜਿੱਤਿਆ ਹੋਵੇ । ਏਥੇ ਏ ਖੋਜ ਤੇ ਸੋਚ ਵਿਚਾਰਨਯੋਗ ਹੈ ਕਿ ਬੱਚਾ ਮੀਡੀਏ ਅਪਡੇਟ




**ਕਮਲਇੰਦਰਜੀਤ ਸਿੰਘ ਬਾਜਵਾ**
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401


ਵਿਚ ਦੂਜੇ ਬੱਚਿਆਂ ਨੂੰ ਕੀ ਸੇਧ ਦੇਵੇਗਾ ਕੀ ਸਾਰੇ ਹੀ ਬੱਚੇ ਆਨਲਾਈਨ ਚੱਲਣ ਜਾਂ ਭੰਗੜੇ ਗਿੱਧੇ ਵੱਲ ਨੂੰ ਚੱਲਣ । ਏਨਾਂ ਬੱਚਿਆਂ ਨੂੰ ਕਿਸ਼ੋਰ ਅਵਸਥਾ ਵਿਚ ਕੀ ਮਟੀਰੀਅਲ ਪੇਜ਼ ਤੇ ਅਪਡੇਟ ਕਰਨਾ ਜਾਂ ਕੀ ਨਹੀਂ ਕਰਨਾ, ਜੇਕਰ ਗਲਤ ਕਿਸੇ ਦੀ ਇੱਜ਼ਤ ਖਿਲਾਫ ਕਰ ਦਿੱਤਾ ਤਾਂ ਉਸ ਦਾ ਆਪਣਾ ਕਿਰਦਾਰ ਤੇ ਅਗਲਾ ਇਨਸਾਨ ਏਰੀਏ ਵਿਚ ਮਹਿਫੂਜ਼ ਰਹਿ ਸਕੇਗਾ ਜਾਂ ਘਾਤਕ ਸਿੱਧ ਹੋਵੇਗਾ । ਉਹ ਬੱਚੇ ਸੁਭਾਵਿਕ ਤੌਰ 'ਤੇ ਧਾਰਮਿਕ ਅਤੇ ਸਾਹਿਤਕ, ਸਮਾਜਿਕ ਤੌਰ 'ਤੇ ਪੱਛੜ ਜਾਣਗੇ । ਇਕ ਦੂਜੇ ਨੂੰ ਸੁਰੱਖਿਅਤ ਕਿੰਨੇ ਤੇ ਕਿਸ ਹੱਦ ਤੱਕ ਰੱਖ ਪਾਉਣਗੇ ਏ ਬੁੱਧੀਜੀਵੀ ਵਰਗ ਲਈ ਅਲੱਗ ਬਹਿਸ ਦਾ ਮਾਮਲਾ ਹੈ । ਕਿਉਂਕਿ ਇਨਸਾਨ ਤੇ ਲੱਚਰਤਾ ਦਾ ਪਸਾਰ ਤੇ ਗਿਆਨ ਮੋਬਾਈਲ ਫੋਨ ਰਾਹੀਂ ਲੋੜ ਤੋਂ ਵੱਧ ਥੋਪਿਆ ਜਾ ਰਿਹਾ ਹੈ, ਹੁਣ ਏਸ ਨੂੰ ਕਿਤੇ ਲੱਭਣ ਦੀ ਲੋੜ ਨਹੀਂ । ਤੁਹਾਨੂੰ ਦੇਖਣਾ ਪਵੇਗਾ ਕਿ ਕੀ ਵਰਤੋਂ ਕਰਨੀ ਹੈ ਤੇ ਕੀ ਨਹੀਂ । ਕੀ ਸਾਡੇ ਬੱਚੇ ਦੀ ਏਨੀ ਮਾਨਸਿਕਤਾ ਮਜ਼ਬੂਤ ਹੈ ਫੈਸਲਾ ਕਰਨ ਦੀ ?

ਜੇਕਰ ਪੇਜ਼ਾਂ ਦੀ ਗੱਲ ਕਰੀਏ ਤਾਂ ਅਜਿਹੇ ਪੋਸਟ ਮੀਡੀਆ 'ਚ ਹਾਵੀ ਹੋ ਰਹੇ ਹਨ ਜੋ ਅਸ਼ਲੀਲ ਤੌਰ 'ਤੇ ਮਨ ਦੀ ਉਤੇਜਨਾ ਵਧਾਉਂਦੇ ਹਨ ਜੋ ਕਿ ਸੁਚਾਰੂ ਈਮਾਨ ਦੀ ਸੋਚ ਨੂੰ ਢਾਹ ਲਗਾ ਰਿਹਾ ਹੈ, ਏਹੀ ਅੱਗੇ ਚੱਲ ਕੇ ਕਾਮ ਕ੍ਰੋਧ ਲੋਭ ਅਹੰਕਾਰ ਵਿਚ ਵਾਧਾ ਕਰ ਰਿਹਾ ਹੈ ਜੋ ਅੱਜ ਦੇ ਯੁੱਗ ਵਿਚ ਵੱਡੇ ਤੋਂ ਲੈ ਕੇ ਛੋਟੇ ਤੱਕ ਸਹਿਣਸ਼ੀਲਤਾ ਤਕਰੀਬਨ ਖਤਮ ਹੋਣ ਦੇ ਕਿਨਾਰੇ ਹੈ ।

ਅੱਜ ਲੰਮੇ ਸਮੇਂ ਤੱਕ ਫੋਨ ਦੇਖੀਂ ਜਾਣਾ ਵੀ ਵਿਹਲੇ ਹੋਣ ਦਾ ਪ੍ਰਮਾਣ ਹੋ ਸਕਦਾ, ਪਰ ਜਾਣਕਾਰੀ ਲੈਣ ਦਾ ਸਰੋਤ ਨਹੀਂ ਕੇਵਲ ਮਨੋਰੰਜਨ ਹੀ । ਕਿਉਂਕਿ ਜਿੰਨੇ ਪੇਜ਼ ਐਪ ਹਨ ਉਹਨਾਂ ਤੇ ਮਨੋਰੰਜਨ ਤੇ ਜਾਣਕਾਰੀ ਭਰਪੂਰ ਹੈ ਪਰ ਆਪਾਂ ਦੇਖਣਾ ਜਾਂ ਗਿਆਨ ਲੈਣਾ ? ਇਹ ਫੈਸਲਾ ਹੀ ਔਖਾ ਹੈ ।

ਆਮ ਦਿਖਾਵੇ ਦੀ ਗੱਲ ਕਰੀਏ ਤਾਂ ਮਹਿਫਲ ਵਿਚ ਆਪਸੀ ਗੱਲਬਾਤ ਕਰਦਿਆਂ ਸੜਕ ਤੇ ਖਲੋਤਿਆਂ, ਸੈਰ ਕਰਦਿਆਂ, ਰੋਟੀ ਖਾਂਦਿਆਂ, ਏਥੋਂ ਤੱਕ ਕਿ ਬਾਥਰੂਮ ਵਰਤਿਦਿਆਂ ਵੀ ਮੈਬਾਇਲ ਫੋਨ ਵਰਤੋਂ ਕਰਦਿਆਂ ਪਬਲਿਕ ਬਾਥਰੂਮ ਵਿਚ ਆਮ ਸੁਣਿਆ ਜਾਂਦਾ ਹੈ । ਸਿਆਣੇ ਸਮਝਦਾਰ ਲੋਕ ਅਜਿਹੀਆਂ ਹਰਕਤਾਂ ਨੂੰ ਸਮਝਦੇ ਹਨ ਪਰ ਦੂਜੇ ਨੂੰ ਦੇਖ ਕੇ ਅਜਿਹਾ ਜ਼ਰੂਰ ਸਮਝਦੇ ਹਨ ਕਿ ਸ਼ਾਇਦ ਏਸ ਨੂੰ ਅਜੇ ਫੋਨ ਵਰਤਣਾ ਨਹੀਂ ਆਇਆ ਜਾਂ ਪਹਿਲੀ ਵਾਰ ਮਹਿੰਗਾ ਫੋਨ ਚਲਾਉਣ ਨੂੰ ਮਿਲਿਆ । ਹੁਣ ਤਾਂ ਇਹ ਹਾਲਾਤ ਵੀ ਸਾਹਮਣੇ ਆ ਰਹੇ ਹਨ ਕਿ ਸਾਨੂੰ ਇਕ ਫੋਨ ਦੀ ਵਰਤੋਂ ਘਟਾਉਣ ਬਾਰੇ ਗੱਲ ਕਰ ਰਹੇ ਹਾਂ ਪਰ ਬਹੁਤੇ ਤਾਂ ਦੋ ਫੋਨ ਵੀ ਰੱਖ ਰਹੇ ਹਨ ਤੇ ਕੁੱਝ ਰੱਖਣ ਦੀ ਸੋਚ ਹਾਂ । ਜਿਸ ਦਾ ਨਤੀਜਾ ਵੱਡੇ ਪੱਧਰ ਤੇ ਆਉਂਦੇ ਦੱਸ ਸਾਲਾਂ ਤੱਕ ਸਭ ਦੇ ਸਾਹਮਣੇ ਹੋਣਗੇ ਜਦੋਂ ਅੱਖਾਂ ਅੱਗੇ ਵੱਡੇ ਮੋਟੇ ਸ਼ੀਸ਼ੇ ਵਾਲੇ ਲੈਂਨਜ਼ ਲੱਗੇ ਹੋਣਗੇ ।

ਬੱਚਿਆਂ ਦੇ ਭਵਿੱਖ 'ਚ ਮਾਪਿਆਂ ਬਾਰੇ ਗੱਲ ਕਰੀਏ ਤਾਂ ਮਾਪੇ ਵੀ ਆਪਣੇ ਘਰੇਲੂ ਕੰਮਾਂ 'ਚ ਰੁਕਾਵਟ ਨਾ ਪਾਉਣ ਕਰਕੇ ਆਪ ਮੋਬਾਈਲ ਫੋਨ ਦੇ ਦਿੰਦੇ ਹਨ, ਭਾਵੇਂ ਉਹ ਕਿਸੇ ਨਾਲ ਗੱਲਬਾਤ ਕਰ ਰਹੇ ਹਨ ਜਾਂ ਘਰੇਲੂ ਕੰਮ । ਬੱਚੇ ਦੇ ਫੋਨ ਤਕਰੀਬਨ ਸਕਰੀਨ ਛੋਟੀ ਹੋਣ ਕਰਕੇ ਅੱਖਾਂ ਦੇ ਨੇੜੇ ਹੁੰਦੀ ਹੈ ਤੇ ਬੱਚੇ ਨੂੰ ਵੀ ਕਾਹਲੀ ਹੁੰਦੀ ਹੈ ਤੇ ਉਹ ਸਪੀਡ ਨਾਲ ਇਕ ਤੋਂ ਬਾਅਦ ਦੂਜੇ ਫੋਟੋ ਵੀਡੀਓ ਨੂੰ ਦੇਖਣ ਦੀ ਕਾਹਲ ਵਿਚ ਦਿਮਾਗ ਅਤੇ ਅੱਖਾਂ ਤੇ ਬੋਝ ਵਧਾਉਂਦਾ ਹੈ । ਜੋ ਦਿਮਾਗ ਤੇ ਅੱਖਾਂ ਲਈ ਹਾਨੀਕਾਰਕ ਹੈ । ਆਪਸੀ ਗੱਲਬਾਤ ਖਤਮ ਹੋਣ ਤੋਂ ਬਾਅਦ ਜਦੋਂ ਬੱਚੇ ਦੀ ਲਗਣ ਤੋੜਨ ਤੇ ਮੋਬਾਈਲ ਫੋਨ ਵਾਪਸ ਲੈਣ ਦਾ ਫੈਸਲਾ ਵੀ ਬੱਚੇ ਵੱਲੋਂ ਮਾਪਿਆਂ ਨੂੰ ਮਾਰਨ ਤੱਕ ਜਾਣ ਜਾਂ ਗੁੱਸੇ ਨੂੰ ਵਧਾਉਣ ਵੱਲ ਲੈ ਜਾਂਦਾ ਹੈ ਇਹ ਵੀ ਸਾਹਮਣੇ ਹੁਣ ਆਮ ਆਉਂਦਾ ਹੈ, ਜਿਸ ਦੇ ਨਤੀਜੇ ਬੱਚੇ ਵੱਲੋਂ ਦਿਸ਼ਾਹੀਣ ਹੋਇਆ ਕੋਈ ਗਲਤ ਸਟੈਪ ਨਾ ਚੁੱਕਣ ਤੱਕ ਜਾਂਦਾ ਹੈ ।

ਮੋਬਾਈਲ ਫੋਲ ਨੂੰ ਕੇਵਲ ਜਾਣਕਾਰੀ ਲੈਣ ਤੱਕ ਜਾਂ ਆਪਣੇ ਜ਼ਰੂਰੀ ਸੂਚਨਾ ਵਾਲੇ ਕੰਮ ਕਰਨ ਤੱਕ ਵਰਤਿਆ ਜਾਣਾ ਚਾਹੀਦਾ ਹੈ । ਜੇਕਰ ਅਸੀਂ ਵਿਹਲੇ ਹਾਂ ਤਾਂ ਦੁਪਹਿਰ, ਸਵੇਰੇ, ਰਾਤ ਲਗਾਤਾਰ ਚਲਾ ਚਲਾ ਕੇ ਕਿ ਮਨੋਰੰਜਨ ਦਾ ਸਾਧਨ ਬਣਾ ਕੇ ਰੱਖ ਦਿੱਤਾ ਹੈ । ਬੱਚਿਆਂ ਵਿਚ ਤਾਂ ਉੱਛਲ ਕੁੱਦ ਤਕਰੀਬਨ ਖਤਮ ਹੋ ਗਿਆ ਤੇ ਬੱਚੇ ਆਪਸੀ ਇਕੱਠ ਵਿਚ ਜੁੜ ਜ਼ਰੂਰ ਬੈਠੇ ਹਨ ਪਰ ਆਪੋ ਆਪਣੇ ਮੋਬਾਇਲ ਫੋਨ ਹੱਥਾਂ ਵਿਚ ਫੜ ਕੇ ਉਹ ਵੀ ਚੁੱਪੀ ਧਾਰ ਕੇ ।

ਏਥੋਂ ਤੱਕ ਰੁਝਾਨ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਕਿਸੇ ਪਿੰਡ ਵਿਚ ਕਿਸੇ ਦੇਵੀ ਘਰ ਵਿਚ ਚਲੇ ਜਾਓ, ਅਗਲੇ ਘਰ ਦਾ ਰਸਤਾ ਗਲੀ ਵਿਚ ਪੁੱਛਣ ਲਈ ਤਾਂ ਉਹ ਘਰ ਵੀ ਤੁਹਾਨੂੰ ਅੰਦਰੋਂ ਸ਼ਾਂਤ ਲੱਗੇਗਾ, ਕਿ ਜਿਵੇਂ ਏਥੇ ਕੋਈ ਵੱਸਦਾ ਨਹੀਂ ਜਾਂ ਘਰ ਵਾਲੇ ਕੀਤੇ ਗਏ ਹੋਏ ਹਨ ਪਰ ਅਜਿਹਾ ਨਹੀਂ, ਜਿੰਨੇ ਘਰ ਵਿਚ ਜੀਅ ਹੁੰਦੇ ਹਨ, ਉੰਨੇ ਹੀ ਹੁਣ ਮੋਬਾਈਲ ਹੁੰਦੇ ਹਨ ਤੇ ਸਭ ਸੋਸ਼ਲ ਮੀਡੀਆ ਦੇ ਪੇਜ਼ਾਂ ਤੇ ਬਿਜ਼ੀ ਹਨ ਘਰ ਦੇ ਅੰਦਰ ਇਕ ਦੂਜੇ ਦੇ ਨੇੜੇ ਬੈਠੇ



ਹੀ । ਬਾਹਰ ਸੁੰਨ ਪੱਸਰੀ ਹੁੰਦੀ ਹੈ । ਸੱਥਾਂ ਪਹਿਲਾਂ ਤਾਂ ਹਰੇਕ ਪਿੰਡ ਵਿਚ ਨਹੀਂ ਹਨ ਜਿੱਥੇ ਹੈ ਉੱਥੇ ਟੈਕਨੋਲੋਜੀ ਨੂੰ ਜ਼ਿਆਦਾ ਚਲਾਉਣ ਨਾਲ ਚੁੱਪ ਪੱਸਰੀ ।

ਅੱਜ ਬੱਚੇ ਵੀ ਵਧੇਰੇ ਤੌਰ ਤੇ ਸਕੂਲ ਤੋਂ ਘਰ ਆਉਣ ਤੇ ਮੋਬਾਈਲ ਲੈਣਾ ਹੀ ਪਸੰਦ ਕਰਦੇ ਹਨ ਨਾ ਕਿ ਆਪਣੇ ਬੱਚਿਆਂ ਨਾਲ ਬਚਪਨ ਨੂੰ ਮਾਣਨ ਜਾਂ ਖੇਡਣ ਵਿਚ । ਕੁੱਲ ਮਿਲਾ ਕੇ ਬੱਚੇ ਦਾ ਵਧੇਰੇ ਸਮੇਂ ਤੱਕ ਇਸ ਦੀ ਵਰਤੋਂ ਨਾਲ ਜ਼ਿਆਦਾ ਬੈਠਕ ਮੋਟਾਪੇ ਤੇ ਸਰੀਰ ਨੂੰ ਸੋਹਲੇਪਨ ਵਧਣ ਲੈ ਕੇ ਜਾਵੇਗੀ । ਸਰੀਰਕ ਤੰਦਰੁਸਤੀ ਘਟੇਗੀ ਤੇ ਦਿਮਾਗ ਤੇ ਤਣਾਅ ਵਧੇਗਾ ਜੋ ਬਿਮਾਰੀਆਂ 'ਚ ਵਾਧਾ ਕਰੇਗਾ । ਕਿਉਂਕਿ ਮੋਬਾਈਲ ਫੋਨ ਕਿਸ ਕੰਮ ਲਈ ਹੈ ਕਿੰਨਾ ਵਰਤਣਾ , ਕਦੋਂ ਵਰਤਣਾ ਸ਼ਾਇਦ ਸਾਨੂੰ ਨੁਕਸਾਨ ਕਰਵਾ ਕੇ ਸਮਝ ਆਵੇਗਾ ।

ਜਿੱਥੇ ਬੱਚਿਆਂ ਦੇ ਮੋਬਾਈਲ ਫੋਨ ਵਿਚ ਜਾਣਕਾਰੀ ਦੇ ਸਰੋਤਾਂ ਦੀ ਥਾਂ ਗੁਰਬਾਣੀ ਐਪਸ, ਇਤਿਹਾਸਕਾਂ ਦੇ ਐਪ, ਖੇਤੀ, ਅਖਬਾਰਾਂ ਦੇ ਐਪ ਡਾਊਨਲੋਡ ਹੋਣੇ ਚਾਹੀਦੇ ਸਨ ਜੋ ਹੁਣ ਡੋਰੇਮੋਨ, ਬੀਮ, ਚੰਪਕ ਤੇ ਚਾਇਨਾ ਦੇ ਚੱਲਦੇ ਭੂਤਾਂ ਅਤੇ ਇਮੈਜੀਨੇਸ਼ਨ ਕਾਰਟੂਨ ਨੇ ਲੈ ਲਈ, ਜੋ ਕੇਵਲ ਕਾਲਪਨਿਕ ਹੀ ਨੇ । ਕੀ ਸੇਧ ਦੇਣਗੇ ਸਾਡੇ ਬੱਚਿਆਂ ਨੂੰ ਕੀ ਕੇਵਲ ਸੁਪਨਿਆਂ ਵਿਚ ਹੀ ਡਰਾਉਣਗੇ ।

ਜੇਕਰ ਸਿਆਣੇ ਉਮਰ ਦੇ ਵਰਗ ਦੀ ਗੱਲ ਕਰੀਏ ਤਾਂ ਬਹੁਤੇ ਤਾਂ ਗੱਲਬਾਤ ਕਰਦਿਆਂ ਇੱਕ ਦੂਜੇ ਦੀ ਰਿਕਾਰਡਿੰਗ ਆਵਾਜ਼ ਦੀ ਕਰਨ ਵੱਲ ਦਿਸੇ । ਜੋ ਦੂਜੇ ਨੂੰ ਝਗੜੇ ਵੱਲ ਤੇ ਬਹੁਤਿਆਂ ਨੂੰ ਇੱਕ ਦੂਜੇ ਤੇ ਸ਼ੱਕੀ ਕਰਨ ਵੱਲ ਜਾਂ ਅਗਾਂਹ ਚੁੱਪ ਹੀ ਰਹਿਣ ਦੇ ਰੁਝਾਨ ਵੱਲ ਵਧਾਉਂਦੇ ਦਿਸੇ । ਜਿਸ ਨਾਲ ਰਿਸ਼ਤੇ ਫਿੱਕੇ ਹੁੰਦੇ ਨਜ਼ਰ ਆਏ । ਮੋਬਾਈਲ ਦੀ ਸਹੀ ਵਰਤੋਂ 'ਚ ਅਗਿਆਨਤਾ ਸਾਹਮਣੇ ਆਈ ਜਾਂ ਯੂ ਟਿਊਬ ਦੀ ਗੁੜਤੀ ਦਿਸੀ ।

ਹਾਦਸੇ ਦੀ ਗੱਲ ਕਰੀਏ ਤਾਂ ਬਹੁਤੇ ਬੰਦੇ ਕਾਰ ਚਲਾਉਂਦਿਆਂ ਬਲਿਊ ਟੂਥ ਕਾਰ ਨਾਲ ਅਟੈਚ ਹੋਣ ਕਰਕੇ ਜਿੱਥੇ ਚੱਲਦੀ ਗੱਡੀ ਚ ਵੀਡੀਓ ਕਾਲਾਂ ਨੂੰ ਤਰਜੀਹ ਦਿੰਦੇ, ਗੀਤਾਂ ਦੇ ਸਟੇਟਸ ਪਾਉਂਦੇ, ਉੱਥੇ ਗੀਤ ਬਦਲਦੇ ਮਨੋਰੰਜਨ ਵਜੋਂ ਤੇਜ਼ ਰਫਤਾਰ ਵਿਚ ਹੀ ਦਿਸੇ, ਜੋ ਅਨੇਕਾਂ ਹਾਦਸਿਆਂ ਨੂੰ ਸੱਦਾ ਹੈ ।

ਨਤੀਜੇ ਆ ਕੀ ਰਹੇ ਹਨ ਸਾਹਮਣੇ ਵਧੇਰੇ ਮੋਬਾਇਲ ਦੀ ਵਰਤੋਂ ਜਿੱਥੇਲਗਾਤਾਰ ਚਲਦੇ ਮਨੋਰੰਜਨ ਦੇ ਸਾਧਨ ਵਜੋਂ ਦੇਖਦੇ ਫੋਨ ਅੱਖਾਂ ਦੀ ਰੋਸ਼ਨੀ ਘੱਟ ਹੋਣ ਕਰਕੇ ਝਾਉਲੇ ਪੈਣੇ ਸ਼ੁਰੂ ਹੋਏ, ਕੁੱਝ ਕੁ ਦੇ ਵੀ ਰੋਸ਼ਨੀ ਵਧੇਰੇ ਛੋਟੀ ਨੇੜੇ ਦੀ ਸਕਰੀਨ ਹੋਣ ਤੇ ਲੱਗਣ ਨਾਲ ਘੱਟਦੀ ਗਈ ਤੇ ਇਥੋਂ ਤੱਕ ਕਿ ਸਿਰ ਪੀੜ ਸ਼ੁਰੂ ਹੋ ਕੇ ਚੱਕਰ ਵੱਧਣ ਨਾਲ ਮਾਈਗ੍ਰੇਨ ਸ਼ੁਰੂ ਹੋਈ । ਅਕਸਰ ਜ਼ਿਆਦਾ ਮੋਬਾਈਲ ਯੂਜ਼ਰਸ ਧੌਣ ਥੱਲੇ ਨੂੰ ਸੁੱਟ ਕੇ ਜਾਂ ਲੰਮੇ ਉੱਚੇ ਸਿਰਹਾਣੇ ਲੈ ਕੇ ਦੇਖਦੇ ਆਮ ਹਨ, ਜੋ ਧੌਣ ਦੇ ਭੱਠੇ ਤੱਕ ਪੀੜ ਕਰਨ ਲਗਾ ਦਿੰਦੇ ਹਨ ਤੇ ਪੁੜਪੜੀਆਂ ਵੀ ਅੱਡ । ਫੈਸਲਾ ਦੋਸਤੋ ਤੁਸਾਂ ਕਰਨਾ ਹੈ ਚੰਗੀ ਤਕਨੀਕ ਨੂੰ ਆਪ ਤੇ ਆਪਣੀ ਪੀੜ੍ਹੀ ਨੂੰ ਕਿੰਨਾ ਕੁ ਵਰਤੋਂ ਲਈ ਦੇਣਾ ਹੈ ਜਾਂ ਮਜ਼ਬੂਰ ਹੁੰਦਿਆਂ ਨੁਕਸਾਨ ਦਾ ਖਮਿਆਜ਼ਾ ਭੁਗਤਣ ਤੇ ਡਾਕਟਰਾਂ ਦੇ ਘਰ ਭਰਨ ਵੱਲ ਜਾਣਾ ਹੈ ।

# ਨੀਵੀਂ ਸੁਰੰਗ ਪ੍ਰਣਾਲੀ ਰਾਹੀਂ ਸਬਜ਼ੀਆਂ ਦੀ ਕਾਸ਼ਤ

### ਸੁਰੰਗ ਪ੍ਰਣਾਲੀ ਰਾਹੀਂ ਖੀਰੇ ਦੀ ਕਾਸ਼ਤ

ਖੀਰੇ ਦੀ ਅਗੇਤੀ ਪੈਦਾਵਾਰ ਲੈਣ ਇਹ ਪ੍ਰਕਿਰਿਆ ਬਹੁਤ ਹੀ ਢੁੱਕਵੀਂ ਹੈ। ਇਸ ਪ੍ਰਣਾਲੀ ਵਿਚ ਦਸੰਬਰ ਦੇ ਮਹੀਨੇ ਵਿਚ ਢਾਈ ਮੀਟਰ ਦੇ ਚੌੜ੍ਹੇ ਬੈੱਡ ਪਟੜੇ ਬਣਾ ਕੇ ਦੋਨੇ ਪਾਸੇ 45 ਸੈਂਟੀਮੀਟਰ ਦੇ ਫਾਸਲੇ ਤੇ ਬੀਜ ਲਗਾ ਦਿੱਤੇ ਜਾਂਦੇ ਹਨ। ਬਿਜਾਈ ਕਰਨ ਤੋਂ ਬਾਅਦ ਖੀਰੇ ਨੂੰ ਦਸੰਬਰ ਦੇ ਸ਼ੁਰੂ ਵਿਚ ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾਕੇ 2.2 ਮੀਟਰ ਵਿਚ ਉੱਪਰ ਲਗਾ ਦਿਓ ਅਤੇ ਖਾਲੀਆਂ ਦੇ ਦੋਨੇ ਪਾਸੇ ਦੇ ਬੂਟੇ ਇਹਨਾਂ ਅਰਧ ਗੋਲਿਆਂ ਅਤੇ ਪੋਲੀਥੀਨ ਦੀ ਵਰਤੋਂ ਨਾਲ ਢੱਕ ਦਿਓ। ਖਾਦ ਪ੍ਰਬੰਧ ਲਈ 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਦੀ ਵਰਤੋਂ ਕਰੋ। ਇਨ੍ਹਾਂ ਖਾਦਾਂ ਵਿੱਚੋਂ 1/3 ਹਿੱਸਾ ਨਾਈਟ੍ਰੋਜਨ (30 ਕਿਲੋ ਯੂਰੀਆ), ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਬੈੱਡਾ ਉੱਤੇ ਦੋ ਲਾਈਨਾਂ ਵਿਚ 15-15 ਸੈਂਟੀਮੀਟਰ ਦੀ ਦੂਰੀ ਤੇ ਪਾਓ ਅਤੇ ਬਾਅਦ ਵਿਚ ਖੇਲਾਂ ਪਾ ਦਿਓ ਤਾਂ ਜੋ ਖਾਦਾਂ ਲਾਈਨਾਂ ਵਿਚ ਆ ਜਾਣ। ਬਾਕੀ ਦੀ ਯੂਰੀਆ ਬਿਜਾਈ ਤੋਂ ਇਕ ਮਹੀਨੇ ਬਾਅਦ ਪਾ ਕੇ ਮਿੱਟੀ ਚੜ੍ਹਾ ਦਿਓ। ਬੀਜਾਈ ਤੋਂ 2-3 ਦਿਨਾਂ ਬਾਅਦ ਪਾਣੀ ਲਾ ਦਿਉ। ਗਰਮੀਆਂ ਵਿਚ ਪਾਣੀ 4-6 ਦਿਨਾਂ ਦੇ ਵਕਫੇ ਤੇ ਲਾਉ। ਆਮ ਤੌਰ ਤੇ ਇਸ ਫਸਲ ਨੂੰ 10-12 ਪਾਣੀਆਂ ਦੀ ਲੋੜ ਹੁੰਦੀ ਹੈ। ਤੁੜਾਈ ਸਮੇਂ ਫਲ ਹਰਾ ਅਤੇ ਨਰਮ ਹੋਣਾ ਚਾਹੀਦਾ ਹੈ ਤਾਂ ਜੋ ਬੀਜ ਸਖਤ ਨਾ ਹੋ ਜਾਵੇ।

### ਸੁਰੰਗ ਪ੍ਰਣਾਲੀ ਰਾਹੀਂ ਸ਼ਿਮਲਾ ਮਿਰਚ ਦੀ ਕਾਸ਼ਤ

ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਸ਼ਿਮਲਾ ਮਿਰਚ ਦੀ ਲਗਾਈ ਹੋਈ ਪਨੀਰੀ ਨੂੰ ਸਰਦੀ ਅਤੇ ਕੋਰੇ ਦੀ ਮਾਰ ਤੋਂ ਬਚਾਉਣ ਨਹੀ ਨਵੰਬਰ ਦੇ ਅਖੀਰ ਤੋਂ ਦਸੰਬਰ ਦੇ ਸ਼ੁਰੂ ਵਿਚ ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾ ਕੇ 2.2 ਮੀਟਰ ਦੀ ਵਿੱਥ ਉੱਪਰ ਲਗਾ ਦਿਓ ਤਾਂ ਜੋ ਖਾਲੀਆਂ ਦੇ ਦੋਨੇ ਪਾਸੇ ਦੇ ਬੂਟੇ ਇਹਨਾਂ ਅਰਧ ਗੋਲਿਆਂ ਦੇ ਵਿਚਕਾਰ ਆ ਜਾਣ। ਸ਼ੀਟਾਂ ਨੂੰ ਪਾਸਿਆਂ ਤੋਂ ਮਿੱਟੀ ਨਾਲ ਦਬਾ ਦਿਓ। ਜਦੋਂ ਫਰਵਰੀ ਦੇ ਮਹੀਨੇ ਤਾਪਮਾਨ ਵੱਧ ਜਾਵੇ ਤਾਂ ਇਹਨਾਂ ਸ਼ੀਟਾਂ ਨੂੰ ਉਤਾਰ ਦਿਓ। ਇਹ ਫਸਲ ਲਈ ਖੁਰਾਕ ਬਹੁਤ ਜ਼ਰੂਰੀ ਹੈ, ਇਸ ਕਰਕੇ ਚੀਕਣੀ (ਭਾਰੀ)



ਅਰਧ ਗੋਲੇ ਬਣਾਉਣ ਲਈ 2.0 ਮੀਟਰ ਲੰਬੇ 1.58 ਮੀਟਰ ਸਰੀਏ ਮੋੜ ਕੇ ਇਸ ਤਰ੍ਹਾਂ ਬਣਾ ਲਓ ਕਿ ਜਦੋਂ ਜ਼ਮੀਨ ਵਿਚ ਗੱਡੀਏ ਤਾਂ ਇਹਨਾਂ ਦੀ ਉਚਾਈ ਜ਼ਮੀਨ ਤੋਂ 45-60 ਸੈਂਟੀਮੀਟਰ ਹੋ ਜਾਏ। ਇਹਨਾਂ ਅਰਧ ਗੋਲਿਆਂ ਉੱਪਰ ਪਲਾਸਟਿਕ ਦੀ ਸ਼ੀਟ ਪਾ ਦਿਓ। ਪਲਾਸਟਿਕ ਦੀਆਂ ਜ਼ਮੀਨ ਚੰਗਾ ਝਾੜ ਲੈਣ ਲਈ ਢੁੱਕਵੀਂ ਹੈ। ਠੰਢੇ ਮੌਸਮ ਵਿਚ 7-8 ਦਿਨਾਂ ਦੇ ਫਰਕ ਨਾਲ ਲਾ ਦਿਓ ਅਤੇ ਗਰਮੀਆਂ ਵਿਚ ਪਾਣੀ 4-5 ਦਿਨਾਂ ਦੇ ਵਕਫੇ ਤੇ ਲਾਓ। ਫਸਲ ਖੇਤ ਵਿਚ ਪਨੀਰੀ ਪੁੱਟ ਕੇ ਲਾਉਣ ਤੋਂ ਤਿੰਨ ਮਹੀਨੇ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੀ ਹੈ। ਤੁੜਾਈ ਸਮੇਂ ਫਲ ਪੂਰੇ ਆਕਾਰ ਦੇ, ਨਰਮ ਅਤੇ ਚਮਕਦਾਰ ਹੋਣੇ ਚਾਹੀਦੇ ਹਨ। ਸ਼ਿਮਲਾ ਮਿਰਚ ਨੂੰ ਗੱਤੇ ਦੀਆਂ ਟਰੇਆਂ ਵਿਚ ਰੱਖਣ ਤੋਂ ਬਾਅਦ ਸ਼ਰਿੰਕ ਜਾਂ ਕਲਿੰਗ ਫਿਲਮ ਨਾਲ ਪੈਕ ਕਰੋ। ਇਸ ਤਰ੍ਹਾਂ ਸੁਪਰ ਮਾਰਕੀਟ (18-200 ਸੈਲਸੀਅਸ) ਵਿਚ 10 ਦਿਨਾਂ ਲਈ ਅਤੇ ਆਮ ਮੰਡੀਆਂ (28-300 ਸੈਲਸੀਅਸ) ਵਿਚ 7 ਦਿਨਾਂ ਲਈ ਚੰਗੀ ਗੁਣਵੱਤਾ ਨਾਲ ਮੰਡੀਕਰਨ ਕੀਤਾ ਜਾ ਸਕਦਾ ਹੈ।

ਇਹ ਤਕਨੀਕ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਬਹੁਤ ਉੱਤਮ ਹੈ, ਕਿਉਕਿ ਇਹ ਦੂਜੀਆਂ ਸੁਰੱਖਿਅਤ ਖੇਤੀ ਦੀਆਂ ਤਕਨੀਕਾਂ ਨਾਲੋਂ ਘੱਟ ਲਾਗਤ ਵਾਲੀ ਹੈ ਅਤੇ ਇਸਦਾ ਰੱਖ-ਰਖਾਵ ਵੀ ਸੌਖਾ ਹੈ। ਇਸ ਤੋਂ ਇਲਾਵਾ ਸਬਜ਼ੀਆਂ ਦੀ ਅਗੇਤੀ ਕਾਸ਼ਤ ਨਾਲ ਕਿਸਾਨ ਵੀਰ ਮੰਡੀ ਵਿਚ ਵੱਧ ਮੁਨਾਫਾ ਵੀ ਕਮਾ ਸਕਦੇ ਹਨ।

**ਸਰਵਪ੍ਰਿਆ ਸਿੰਘ ਅਤੇ ਨਵਦੀਪ ਸਿੰਘ ਗਿੱਲ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ, ਮੋਬਾਇਲ : 85449-71933**

# ਹਾੜ੍ਹੀ ਦੀਆਂ ਦਾਲਾਂ ਵਿਚ ਖਾਦਾਂ ਦਾ ਪ੍ਰਬੰਧਨ

ਦਾਲਾਂ ਨੂੰ ਇਕ ਸੰਪੂਰਨ ਖੁਰਾਕ ਮੰਨਿਆ ਜਾਂਦਾ ਹੈ। ਇਹ ਪ੍ਰੋਟੀਨ, ਚਰਬੀ, ਕਾਰਬੋਹਾਈਡਰੇਟ, ਕੈਲਸ਼ੀਅਮ, ਆਇਰਨ, ਜ਼ਿੰਕ ਅਤੇ ਵਿਟਾਮਿਨਾਂ ਨਾਲ ਭਰਪੂਰ ਹੁੰਦੇ ਹਨ। ਅਜਿਹੇ ਵਿਚ ਦਾਲਾਂ ਦੀ ਚੰਗੀ ਪੈਦਾਵਾਰ ਲਈ ਸਹੀ ਤਰੀਕੇ ਨਾਲ ਖਾਦਾਂ ਦੀ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ। ਦਾਲਾਂ ਵਿਚ ਫਾਸਫੋਰਸ ਤੱਤ ਦੀ ਪੂਰਤੀ ਡੀ. ਏ. ਪੀ. ਦੀ ਜਗ੍ਹਾ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਨਾਲ ਕੀਤੀ ਜਾਂਦੀ ਹੈ। ਸਿੰਗਲ ਸੁਪਰ ਫਾਸਫੇਟ ਵਿਚ 16% ਫਾਸਫੋਰਸ ਤੱਤ ਦੇ ਨਾਲ-ਨਾਲ 11-12% ਸਲਫਰ ਅਤੇ 18-21% ਕੈਲਸ਼ੀਅਮ ਤੱਤ ਵੀ ਮਿਲਦੇ ਹਨ। ਇਸ ਵਿਚ ਸਲਫਰ ਤੱਕ ਮੌਜੂਦ ਹੋਣ ਕਾਰਨ ਇਹ ਖਾਦ ਦਾਲਾਂ ਦੀਆਂ ਫਸਲਾਂ ਲਈ ਹੋਰ ਖਾਦਾਂ ਦੇ ਮੁਕਾਬਲੇ ਜ਼ਿਆਦਾ ਫਾਇਦੇਮੰਦ ਹੈ, ਕਿਉਕਿ ਦਾਲਾਂ ਵਿਚਲਾ ਪ੍ਰੋਟੀਨ ਬਨਾਉਣ ਵਿਚ ਮੁੱਖ ਕੰਮ ਸਲਫਰ ਦਾ ਹੀ ਹੈ। ਸੋ ਵੱਖਰੇ ਤੌਰ ਤੇ ਮਹਿੰਗਾ ਸਲਫਰ ਖਰੀਦ ਦੇ ਫਸਲਾਂ ਨੂੰ ਪਾਉਣ ਦੀ ਜਗ੍ਹਾ ਸਾਨੂੰ ਡੀ. ਏ. ਪੀ. ਦੀ ਜਗ੍ਹਾ ਸਿੰਗਲ ਸੁਪਰ ਫਾਸਫੇਟ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਾੜ੍ਹੀ ਦੀਆਂ ਦਾਲਾਂ ਵਿਚ ਹੇਠ ਲਿਖੇ ਅਨੁਸਾਰ ਖਾਦਾਂ ਦੀ ਵਰਤੋਂ ਕਰੋ :

### ਛੋਲੇ

ਬਿਜਾਈ ਤੋਂ ਪਹਿਲਾਂ ਬੀਜ ਨੂੰ ਮੀਜ਼ੋਰਾਈਜ਼ੋਬੀਅਮ ਅਤੇ ਰਾਈਜ਼ੋਬੈਕਟੀਰੀਅਮ ਨਾਂਅ ਦਾ ਜੀਵਾਣੂੰ ਖਾਦ ਦਾ ਟੀਕਾ ਜ਼ਰੂਰ



ਲਗਾਓ। ਇਸ ਦੇ ਨਾਲ ਹੀ ਦੇਸੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਪਾਓ। ਇਹ ਸਾਰੀ ਖਾਦ ਬਿਜਾਈ ਸਮੇਂ ਹੀ ਡਰਿੱਲ ਨਾਲ ਪੋਰ ਦਿਓ। ਕਾਬਲੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰ ਫਾਸਫੇਟ ਖਾਦ ਪਾਓ।

ਵਧੇਰੇ ਝਾੜ ਲੈਣ ਵਾਸਤੇ, ਉਪਰੋਕਤ ਖਾਦਾਂ ਤੋਂ ਇਲਾਵਾ, ਫਸਲ ਬੀਜਣ ਤੋਂ 90 ਅਤੇ 110 ਦਿਨਾਂ ਤੇ 2% ਯੂਰੀਆ (3 ਕਿਲੋ ਯੂਰੀਆ 150 ਲਿਟਰ ਪਾਣੀ ਵਿਚ ਪ੍ਰਤੀ ਏਕੜ) ਛਿੜਕੋ। ਇਸ ਤੋਂ ਇਲਾਵਾ ਛੋਲਿਆਂ ਦੇ ਦਾਨਿਆਂ ਵਿਚ ਜ਼ਿੰਕ ਦੀ ਮਾਤਰਾ ਵਧਾਉਣ ਲਈ ਫਸਲ ਬੀਜਣ ਤੋਂ 90 ਅਤੇ 110 ਦਿਨਾਂ ਬਾਅਦ 0.5% ਜ਼ਿੰਕ ਸਲਫੇਟ ਹੈਪਟਾਹਾਈਡਰੇਟ (21% ਜ਼ਿੰਕ) (750 ਗ੍ਰਾਮ ਪ੍ਰਤੀ ਏਕੜ) + 2% ਯੂਰੀਆ (3 ਕਿਲੋ ਪ੍ਰਤੀ ਏਕੜ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਇਸ ਛਿੜਕਾਅ ਦੇ ਨਾਲ ਝਾੜ ਵੀ ਵੱਧਦਾ ਹੈ।

### ਮਸਰ

ਮਸਰਾਂ ਦੇ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਓ। ਮਸਰਾਂ ਦੀ ਬਿਜਾਈ ਵੇਲੇ 11 ਕਿਲੋ ਯੂਰੀਆ ਪ੍ਰਤੀ ਏਕੜ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਡਰਿੱਲ ਕਰੋ। ਜੇਕਰ ਬੀਜ ਨੂੰ ਟੀਕਾ ਨਾ ਲਾਇਆ ਹੋਵੇ



ਤਾਂ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਓ।

### ਪਕਾਵੇਂ ਮਟਰ

ਮਟਰਾਂ ਦੇ ਬੀਜ ਨੂੰ ਰਾਈਜ਼ੋਬੀਅਮ ਜੀਵਾਣੂੰ ਖਾਦ ਦਾ ਟੀਕਾ ਲਗਾਉਣ ਨਾਲ ਝਾੜ ਵਿਚ ਵਾਧਾ ਹੁੰਦਾ ਹੈ। ਬਿਜਾਈ ਵੇਲੇ 26 ਕਿਲੋ ਯੂਰੀਆ ਅਤੇ 100



ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ, ਡਰਿੱਲ ਦੁਆਰਾ ਲਾਈਨਾਂ ਦੇ ਨਾਲ ਪੋਰੋ।

ਕਿਸਾਨ ਵੀਰੋ, ਉੱਪਰ ਦਿੱਤੇ ਤਰੀਕਿਆਂ ਨਾਲ ਦਾਲਾਂ ਵਿਚ ਖਾਦਾਂ ਦੀ ਸੁਚੱਜੀ ਵਰਤੋਂ ਕਰੋ ਅਤੇ ਪੂਰਾ ਝਾੜ ਲਵੋ।

**ਹਰਪ੍ਰੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ,**
**ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ,**
**ਮੋਬਾਇਲ 99149-25319**



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਦੂਜੇ ਸੂਬਿਆਂ ਵਿੱਚ ਜਾਣ ਵਾਲੇ ਚੌਲਾਂ ਦੀ ਹੋਵੇਗੀ ਦੋਹਰੀ ਜਾਂਚ

**• ਐਫ.ਸੀ.ਆਈ. ਵੱਲੋਂ ਅੱਠ ਟੀਮਾਂ ਕਾਇਮ; ਤਸਦੀਕ ਮਗਰੋਂ ਹੀ ਸੂਬਿਆਂ ਨੂੰ ਭੇਜੇ ਜਾਣਗੇ ਚੌਲ • ਤਿੰਨ ਸੂਬਿਆਂ ਨੇ ਚੌਲਾਂ ਦੀ ਗੁਣਵੱਤਾ ’ਤੇ ਚੁੱਕੇ ਹਨ ਸੁਆਲ**

ਹੋਰ ਸੂਬਿਆਂ ਨੂੰ ਪੰਜਾਬ ਤੋਂ ਜਾਣ ਵਾਲੇ ਚੌਲਾਂ ਦੀ ਹੁਣ ਦੋਹਰੀ ਜਾਂਚ ਹੋਵੇਗੀ, ਜਿਸ ਵਾਸਤੇ ਸਪੈਸ਼ਲ ਟੀਮਾਂ ਤਾਇਨਾਤ ਹੋਣਗੀਆਂ । ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ.) ਨੇ ਹੋਰ ਸੂਬਿਆਂ ਵਿੱਚ ਭੇਜੇ ਚੌਲਾਂ ਦੀ ਗੁਣਵੱਤਾ ’ਤੇ ਉੱਠੀ ਉਂਗਲ ਦੇ ਮੱਦੇਨਜ਼ਰ ਦੋਹਰੀ ਜਾਂਚ ਕੀਤੇ ਜਾਣ ਦਾ ਫੈਸਲਾ ਲਿਆ ਹੈ । ਨਿਗਮ ਦੇ ਸਥਾਨਕ ਅਫਸਰ ਤਾਂ ਪਹਿਲਾਂ ਹੀ ਚੌਲਾਂ ਦੇ ਭੰਡਾਰਨ ਮੌਕੇ ਜਾਂਚ ਕਰਦੇ ਹਨ । ਇਸ ਤੋਂ ਇਲਾਵਾ ਹੁਣ ਸਪੈਸ਼ਲ ਟੀਮਾਂ ਵੱਲੋਂ ਵੀ ਜਾਂਚ ਕੀਤੀ ਜਾਵੇਗੀ । ਮਤਲਬ ਸਾਫ ਹੈ ਕਿ ਜੋ ਵੀ ਚੌਲ ਹੁਣ ਪੰਜਾਬ ਤੋਂ ਹੋਰ ਰਾਜਾਂ ਨੂੰ ਜਾਏਗਾ, ਉਸ ਨੂੰ ਦੋਹਰੀ ਜਾਂਚ ਵਿੱਚੋਂ ਦੀ ਗੁਜ਼ਰਨਾ ਹੋਵੇਗਾ ।

ਪਿਛਲੇ ਮਹੀਨੇ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਤਿੰਨ ਸੂਬਿਆਂ ਨੂੰ ਗਏ ਚੌਲਾਂ ਦੀ ਗੁਣਵੱਤਾ ਨੂੰ ਲੈ ਕੇ ਸੁਆਲ ਉੱਠੇ ਸਨ । ਨਾਗਾਲੈਂਡ, ਕਰਨਾਟਕ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਜਦੋਂ ਪੰਜਾਬ ਦੇ ਚੌਲਾਂ ਦੇ ਨਮੂਨੇ ਲਏ ਗਏ ਤਾਂ ਉਹ ਫੇਲ੍ਹ ਹੋ ਗਏ ਸਨ । ਪੰਜਾਬ ਤੋਂ ਅਰੁਣਾਚਲ ਪ੍ਰਦੇਸ਼ ਅਤੇ ਕਰਨਾਟਕ ਭੇਜੇ ਗਏ ਚੌਲਾਂ ਨੂੰ ਮਨੁੱਖੀ ਵਰਤੋਂ ਦੇ ਅਯੋਗ ਪਾਇਆ ਗਿਆ ਸੀ । ਪੰਜਾਬ ਨੇ ਇਸ ਨੂੰ ਸਾਜ਼ਿਸ਼ ਦਾ ਹਿੱਸਾ ਦੱਸਿਆ ਸੀ, ਕਿਉਂਕਿ ਝੋਨੇ ਦੇ ਸੀਜ਼ਨ ਦੌਰਾਨ ਕਈ ਅੜਿੱਕੇ ਬਣੇ ਹੋਏ ਸਨ । ਕੇਂਦਰੀ ਖੁਰਾਕ ਨਿਗਮ ਦੇ ਤਾਜ਼ਾ ਫੈਸਲੇ ਅਨੁਸਾਰ ਹੁਣ ਅੱਠ ਸਪੈਸ਼ਲ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਹਰ ਟੀਮ ਵਿੱਚ ਤਿੰਨ-ਤਿੰਨ ਅਧਿਕਾਰੀ ਸ਼ਾਮਲ ਕੀਤੇ ਗਏ ਹਨ । ਕੁਆਲਿਟੀ ਕੰਟਰੋਲ ਵਿੰਗ ਦੇ ਅਫਸਰਾਂ ਨੂੰ ਇਨ੍ਹਾਂ ਟੀਮਾਂ ਦਾ ਹਿੱਸਾ ਬਣਾਇਆ ਗਿਆ ਹੈ । ਕੇਂਦਰੀ ਏਜੰਸੀ ਦੀਆਂ ਇਹ ਟੀਮਾਂ ਪੰਜਾਬ ਵਿੱਚੋਂ ਹੋਰ ਰਾਜਾਂ ਨੂੰ ਜਾਣ ਵਾਲੇ ਚੌਲਾਂ ਦੀ ਗੁਣਵੱਤਾ ਦੀ ਜਾਂਚ ਕਰਨਗੀਆਂ । ਚੌਲ ਹੋਰ ਸੂਬਿਆਂ ਨੂੰ ਰਵਾਨਾ ਕੀਤੇ ਜਾਣ ਤੋਂ ਪਹਿਲਾਂ ਟੀਮਾਂ ਉਨ੍ਹਾਂ ਦੀ ਗੁਣਵੱਤਾ ਨੂੰ ਤਸਦੀਕ ਕਰਨਗੀਆਂ ।



ਭਾਰਤੀ ਖੁਰਾਕ ਨਿਗਮ ਨੇ ਇਨ੍ਹਾਂ ਟੀਮਾਂ ਨੂੰ ਸੰਗਰੂਰ, ਮੋਗਾ, ਨਾਭਾ, ਕੋਟਕਪੂਰਾ, ਬੁਢਲਾਡਾ, ਮੁੱਲਾਂਪੁਰ, ਕਪੂਰਥਲਾ ਅਤੇ ਫਿਰੋਜ਼ਪੁਰ ਆਦਿ ਤੋਂ ਭੇਜੇ ਜਾ ਰਹੇ ਚੌਲਾਂ ਦੀ ਜਾਂਚ ਕਰਨ ਵਾਸਤੇ ਕਿਹਾ ਹੈ । ਹਾਲਾਂਕਿ ਪੰਜਾਬ ਵਿੱਚ ਭੰਡਾਰ ਕੀਤੇ ਗਏ 113 ਲੱਖ ਮੀਟਰਿਕ ਟਨ ਚੌਲਾਂ ਦੀ ਡਵੀਜ਼ਨ ਪੱਧਰ ਦੀਆਂ ਸਥਾਨਕ ਟੀਮਾਂ ਵੱਲੋਂ ਪਹਿਲਾਂ ਹੀ ਜਾਂਚ ਕੀਤੀ ਜਾਂਦੀ ਹੈ, ਪਰੰਤੂ ਹੁਣ ਦੂਸਰੇ ਸੂਬਿਆਂ ਦੇ ਇਤਰਾਜ਼ ਮਗਰੋਂ ਪੰਜਾਬ ਵਿੱਚੋਂ ਜਾਣ ਵਾਲੇ ਚੌਲਾਂ ਦੀ ਦੋਹਰੀ ਜਾਂਚ ਹੋਵੇਗੀ । ਕੇਂਦਰੀ ਖੁਰਾਕ ਮੰਤਰਾਲੇ ਨੇ ਸੰਗਰੂਰ, ਸੁਨਾਮ, ਜਲੰਧਰ ਅਤੇ ਨਾਭਾ ਤੋਂ ਭੇਜੇ ਗਏ ਚੌਲਾਂ ਦੀ ਗੁਣਵੱਤਾ ਵਿੱਚ ਕਮੀ ਪਾਏ ਜਾਣ ਤੋਂ ਬਾਅਦ ਐਫ. ਸੀ. ਆਈ. ਨੂੰ ਇਨ੍ਹਾਂ ਵਿੱਚ ਸਟੋਰ ਕੀਤੇ ਸਾਰੇ ਅਨਾਜਾਂ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਕਿਹਾ ਸੀ । ਭਾਰਤੀ ਖੁਰਾਕ ਨਿਗਮ ਦੇ ਸਥਾਨਕ ਅਧਿਕਾਰੀ ਆਖਦੇ ਹਨ ਕਿ ਜਦੋਂ ਪੰਜਾਬ ਵਿੱਚੋਂ ਚੌਲ ਦੂਸਰੇ ਸੂਬਿਆਂ ਵਿੱਚ ਜਾਂਦੇ ਹਨ, ਤਾਂ ਉਸ ਵਕਤ ਉਨ੍ਹਾਂ ਦੀ ਗੁਣਵੱਤਾ ਠੀਕ ਹੁੰਦੀ ਹੈ ਅਤੇ ਸਥਾਨਕ ਪੱਧਰ ’ਤੇ ਪਹਿਲਾਂ ਹੀ ਚੌਲਾਂ ਦੇ ਨਮੂਨੇ ਲੈ ਕੇ ਗੁਣਵੱਤਾ ਜਾਂਚੀ ਜਾਂਦੀ ਹੈ । ਇਹ ਵੀ ਤਰਕ ਦਿੱਤਾ ਗਿਆ ਕਿ ਚੌਲਾਂ ਦੀ ਢੋਆ-ਢੁਆਈ ਅਤੇ ਉਨ੍ਹਾਂ ਸੂਬਿਆਂ ਵਿੱਚ ਸਟੋਰ ਕੀਤੇ ਜਾਣ ਦੌਰਾਨ ਚੌਲਾਂ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ ।

## ਨਵੀਂ ਬੀਜੀ ਕਣਕ ਨੂੰ ਫੰਗਸ ਤੇ ਸੁੰਡੀ ਦੀ ਬਿਮਾਰੀ ਨੇ ਲਪੇਟ ’ਚ ਲਿਆ

ਮਾਛੀਵਾੜਾ ਸਾਹਿਬ ਦੇ ਇਲਾਕੇ ਵਿਚ ਨਵੀਂ ਬੀਜੀ ਕਣਕ ਦੀ ਫਸਲ ਨੂੰ ਸੁੰਡੀ ਤੇ ਫੰਗਸ ਦੀ ਬਿਮਾਰੀ ਨੇ ਚਪੇਟ ਵਿਚ ਲੈ ਲਿਆ ਹੈ ਜਿਸ ਕਾਰਨ ਕਿਸਾਨ ਇਸ ਨੂੰ ਵਾਹੁਣ ਲਈ ਮਜ਼ਬੂਰ ਹੋ ਗਏ ਹਨ । ਨੇੜਲੇ ਪਿੰਡ ਤੱਖਰਾਂ ਦੇ ਕਿਸਾਨ



ਮਹਿੰਦਰ ਸਿੰਘ ਨੇ ਦੱਸਿਆ ਕਿ ਉਸਨੇ 17 ਏਕੜ ਕਣਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਨ੍ਹਾਂ ਪਰਾਲੀ ਨੂੰ ਅੱਗ ਲਗਾਏ ਖੇਤਾਂ ਵਿਚ ਵਾਹ ਕੇ ਕਣਕ ਦੀ ਬਿਜਾਈ ਕੀਤੀ ਸੀ । ਉਨ੍ਹਾਂ ਦੱਸਿਆ ਕਿ ਕੁਝ ਦਿਨ ਬਾਅਦ ਉਸਨੇ ਦੇਖਿਆ ਕਿ ਖੇਤਾਂ ਵਿਚ ਕਣਕ ਦਾ ਬੂਟਾ ਪੂਰੀ ਤਰ੍ਹਾਂ ਵਧ ਨਹੀਂ ਰਿਹਾ ਅਤੇ ਜਦੋਂ ਉਸਨੇ ਪੁੱਟ ਕੇ ਦੇਖਿਆ ਤਾਂ ਜੜ੍ਹ ਵਿਚ ਸੁੰਡੀ ਤੇ ਫੰਗਸ ਦੀ ਬਿਮਾਰੀ ਫੈਲੀ ਹੋਈ ਸੀ ।

ਕਿਸਾਨਾਂ ਨੇ ਦੋਸ਼ ਲਗਾਇਆ ਕਿ ਇਸ ਵਾਰ ਸਖਤੀ ਕਾਰਨ ਉਹਨਾਂ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਇਸ ਨੂੰ ਖੇਤਾਂ ਵਿਚ ਵਾਹ ਕੇ ਕਣਕ ਬੀਜ ਦਿੱਤੀ ਜਿਸ ਕਾਰਨ ਇਹ ਬਿਮਾਰੀ ਪੈ ਗਈ । ਕਿਸਾਨ ਮਹਿੰਦਰ ਸਿੰਘ ਨੇ ਦੱਸਿਆ ਕਿ ਕਣਕ ਦੀ ਬਿਜਾਈ ਉੱਪਰ ਉਸਦਾ ਕਰੀਬ 8 ਤੋਂ 10 ਹਜ਼ਾਰ ਪ੍ਰਤੀ ਏਕੜ ਖਰਚ ਆਇਆ ਪਰ ਹੁਣ ਉਸ ਨੂੰ ਮਜ਼ਬੂਰਨ ਵਾਹੁਣਾ ਪੈ ਰਿਹਾ ਹੈ ਅਤੇ ਦੁਬਾਰਾ ਕਣਕ ਦੀ ਬਿਜਾਈ ਕਰੇਗਾ । ਕਿਸਾਨ ਨੇ ਦੱਸਿਆ ਕਿ ਉਸਦਾ ਕਾਫੀ ਆਰਥਿਕ ਨੁਕਸਾਨ ਹੋਇਆ ਅਤੇ ਹੁਣ ਜੋ ਨਵੀਂ ਬੀਜੀ ਕਣਕ ਦਾ ਝਾੜ ਵੀ ਘੱਟ ਨਿਕਲੇਗਾ ਜਿਸ ਕਾਰਨ ਇਹ ਫਸਲ ਉਸ ਲਈ ਬੇਹੱਦ ਘਾਟੇ ਵਾਲਾ ਸੌਦਾ ਸਾਬਿਤ ਹੋਵੇਗੀ । ਇਸ ਤੋਂ ਇਲਾਵਾ ਪਿੰਡ ਤੱਖਰਾਂ ਦੇ ਕਿਸਾਨ ਬਲਦੇਵ ਸਿੰਘ ਨੇ ਦੱਸਿਆ ਕਿ ਉਸਦੀ 6 ਏਕੜ ਕਣਕ ਦੀ ਫਸਲ ਨੂੰ ਇਹੀ ਬਿਮਾਰੀ ਪਈ ਅਤੇ ਉਸਨੇ ਵੀ ਫਸਲ ਵਾਹ ਕੇ ਦੁਬਾਰਾ ਬੀਜੀ । ਇਸ ਤੋਂ ਇਲਾਵਾ ਕਿਸਾਨ ਨਾਇਬ ਸਿੰਘ ਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਸਦੀ ਨਵੀਂ ਬੀਜੀ ਫਸਲ ਨੂੰ ਸੁੰਡੀ ਤੇ ਫੰਗਸ ਦੀ ਬਿਮਾਰੀ ਪੈਣ ਕਾਰਨ ਉਸਨੇ ਵੀ ਇਹ ਫਸਲ ਵਾਹ ਦਿੱਤੀ ।

**ਕੀ ਕਹਿਣਾ ਹੈ ਖੇਤੀਬਾੜੀ ਵਿਭਾਗ ਦਾ**

ਇਸ ਸਬੰਧੀ ਜਦੋਂ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਗਗਨਦੀਪ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਨਵੀਂ ਬੀਜੀ ਕਣਕ ਦੀ ਫਸਲ ਨੂੰ ਬਿਜਾਈ ਪੈਣ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਸ਼ਿਕਾਇਤ ਆਈ ਹੈ । ਉਨ੍ਹਾਂ ਕਿਹਾ ਕਿ ਉਹ ਤੁਰੰਤ ਪਿੰਡ ਰਾਣਵਾਂ ਤੇ ਤੱਖਰਾਂ ਦਾ ਦੌਰਾ ਕਰ ਖੇਤਾਂ ਵਿਚ ਜਾ ਕੇ ਜਾਇਜ਼ਾ ਲੈਣਗੇ ਕਿ ਇਹ ਬਿਮਾਰੀ ਕਿਉਂ ਪੈ ਰਹੀ ਹੈ ।

## ਭਾਰਤ ਦੀ ਖਾਣ ਵਾਲੇ ਤੇਲ ਦੀ ਦਰਾਮਦ 2023-24 ਵਿੱਚ 3 ਫੀਸਦੀ ਘੱਟ ਕੇ 159.6 ਲੱਖ ਟਨ ’ਤੇ ਪਹੁੰਚੀ

ਘਰੇਲੂ ਤਿਲਹਨ ਉਤਪਾਦਨ ਵਿੱਚ ਵਾਧੇ ਅਤੇ ਵਧਦੀਆਂ ਕੀਮਤਾਂ ਵਿੱਚ ਮੰਗ ਵਿੱਚ ਕਮੀ ਕਾਰਨ ਤੇਲ ਮਾਰਕੀਟਿੰਗ ਸਾਲ 2023-24 ਦੌਰਾਨ ਭਾਰਤ ਦੀ ਖਾਣ ਵਾਲੇ ਤੇਲ ਦੀ ਦਰਾਮਦ 3.09 ਫੀਸਦੀ ਘਟ ਕੇ 159.6 ਲੱਖ ਟਨ ਰਹੀ ਹੈ ।

ਉਦਯੋਗ ਬਾਡੀਜ਼ ਐਸ. ਈ. ਏ. ਨੇ ਇਹ ਜਾਣਕਾਰੀ ਦਿੱਤੀ । ਦੇਸ਼, ਜੋ ਖਾਣ ਵਾਲੇ ਤੇਲਾਂ ਦਾ ਦੁਨੀਆਂ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ, ਨੇ ਇਸ ਤੋਂ ਪਿਛਲੇ ਤੇਲ ਸਾਲ (ਨਵੰਬਰ-ਅਕਤੂਬਰ) ਵਿੱਚ 164.7 ਲੱਖ ਟਨ ਦੀ ਬਰਾਮਦ ਕੀਤੀ ਸੀ । ਸਾਲਵੈਂਟ ਐਕਸਟਰੈਕਟਰਸ ਐਸੋਸੀਏਸ਼ਨ ਆਫ ਇੰਡੀਆ (ਐਸ. ਈ. ਏ.) ਨੇ ਇੱਕ ਬਿਆਨ ਵਿੱਚ ਕਿਹਾ ਕਿ ਮੁੱਲ ਦੇ ਸੰਦਰਭ ਵਿੱਚ, ਦਰਾਮਦ ਪਿਛਲੇ ਸਾਲ ਦੇ 1,38,424 ਕਰੋੜ ਰੁਪਏ ਤੋਂ ਮਾਮੂਲੀ ਰੂਪ ਨਾਲ ਘੱਟ ਕੇ 2023-24 ਵਿੱਚ 1,31,967 ਕਰੋੜ ਰੁਪਏ ਰਹਿ ਗਈ । ਐਸ. ਈ. ਏ. ਨੇ ਕਿਹਾ, “ਵੱਖ-ਵੱਖ ਕਾਰਨਾਂ ਨਾਲ ਅੰਤਰਰਾਸ਼ਟਰੀ ਕੀਮਤਾਂ ਵਿੱਚ ਮਜ਼ਬੂਤੀ ਆਈ, ਜੋ ਘਰੇਲੂ ਕੀਮਤਾਂ ਵਿੱਚ ਵਧੇ ਅਤੇ ਕੁਝ ਹੱਦ ਤੱਕ ਦਰਾਮਦ ਵਿੱਚ ਕਮੀ ਦੇ ਰੂਪ ਵਿੱਚ ਰਿਫਲੈਕਟਿਡ ਹੋਈ ।

ਅੰਕੜਿਆਂ ਅਨੁਸਾਰ, ਸਾਲ 2023-24 ਵਿੱਚ ਕੱਚੇ ਪਾਮ ਤੇਲ (ਸੀ. ਪੀ. ਓ.) ਦੀ ਦਰਾਮਦ ਪਿਛਲੇ ਸਾਲ ਦੇ 75.88 ਲੱਖ ਟਨ ਤੋਂ ਘੱਟ ਕੇ 69.70 ਲੱਖ ਟਨ ਰਹਿ ਗਈ, ਜਦੋਂਕਿ ਆਰ. ਬੀ. ਡੀ. ਪਾਮੋਲਿਨ ਦਰਾਮਦ 21.07 ਲੱਖ ਟਨ ਤੋਂ ਘੱਟ ਕੇ 19.31 ਲੱਖ ਟਨ ਰਹਿ ਗਈ ।

ਨਰਮ ਤੇਲਾਂ (ਸਾਫਟ ਆਇਲ) ਵਿੱਚ ਸੋਇਆਬੀਨ ਤੇਲ ਦੀ ਦਰਾਮਦ 35.06 ਲੱਖ ਟਨ ਤੋਂ ਮਾਮੂਲੀ ਰੂਪ ਨਾਲ ਘੱਟ ਕੇ 34.41 ਲੱਖ ਟਨ ਰਹਿ ਗਈ, ਜਦੋਂਕਿ ਸੂਰਜਮੁਖੀ ਤੇਲ ਦੀ ਦਰਾਮਦ 30.01 ਲੱਖ ਟਨ ਤੋਂ ਵੱਧ ਕੇ 35.06 ਲੱਖ ਟਨ ਹੋ ਗਈ । ਐਸ. ਈ. ਏ. ਨੇ ਕਿਹਾ ਕਿ ਪਿਛਲੇ 5 ਸਾਲਾਂ ਵਿੱਚ ਦਰਾਮਦ ਵਿੱਚ ਰਿਫਾਇੰਡ ਤੇਲ ਦੀ ਹਿੱਸੇਦਾਰੀ 3 ਫੀਸਦੀ ਤੋਂ ਵੱਧ ਕੇ 12 ਫੀਸਦੀ ਹੋ ਗਈ, ਜਦੋਂਕਿ ਕੱਚੇ ਤੇਲ ਦੀ ਹਿੱਸੇਦਾਰੀ 97 ਫੀਸਦੀ ਤੋਂ ਘੱਟ ਕੇ 88 ਫੀਸਦੀ ਰਹਿ ਗਈ ।

ਉਦਯੋਗ ਬਾਡੀਜ਼ ਨੇ ਕਿਹਾ ਕਿ ਇੱਕ ਨਵੰਬਰ ਤੱਕ ਵੱਖ-ਵੱਖ ਬੰਦਰਗਾਹਾਂ ’ਤੇ 24.08 ਲੱਖ ਟਨ ਖਾਣ ਵਾਲੇ ਤੇਲ ਦਾ ਸਟਾਕ ਹੋਣ ਦਾ ਅੰਦਾਜ਼ਾ ਹੈ । ਇੰਡੋਨੇਸ਼ੀਆ ਅਤੇ ਮਲੇਸ਼ੀਆ ਭਾਰਤ ਨੂੰ ਆਰ. ਬੀ. ਡੀ. ਪਾਮੋਲਿਨ ਅਤੇ ਕੱਚੇ ਪਾਮ ਤੇਲ (ਸੀ. ਪੀ. ਓ.) ਦੇ ਮੁੱਢਲੇ ਸਪਲਾਈਕਰਤਾ ਹਨ ।

## ਆਲੂਆਂ ਦੇ ਪਿਛੇਤੇ ਝੁਲਸ ਰੋਗ ਸੰਬੰਧੀ ਸੁਝਾਅ

ਪਿਛਲੇ ਇਕ ਹਫਤੇ ਦੌਰਾਨ, ਪੰਜਾਬ ਦੀ ਮੁੱਖ ਆਲੂ ਪੱਟੀ ਵਿਚ ਤਾਪਮਾਨ 12-23 ਡਿਗਰੀ ਸੈਲਸੀਅਸ, ਰਾਤ ਸਮੇਂ ਉੱਚ ਨਮੀਂ (>90 ਪ੍ਰਤੀਸ਼ਤ) ਅਤੇ ਤ੍ਰੇਲ ਕਾਰਨ ਜਲੰਧਰ, ਹੁਸ਼ਿਆਰਪੁਰ, ਐਸ. ਬੀ. ਐਸ. ਨਗਰ, ਰੋਪੜ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਮੌਜੂਦਾ ਮੌਸਮੀ ਸਥਿਤੀਆਂ ਪਿਛੇਤੇ ਝੁਲਸ ਰੋਗ ਦੇ ਪ੍ਰਕੋਪ ਅਤੇ ਫੈਲਣ ਲਈ ਅਨੁਕੂਲ ਬਣ ਰਹੀਆਂ ਹਨ ।



ਪਿਛੇਤੇ ਝੁਲਸ ਰੋਗ ਦੇ ਪਹਿਲੇ ਲੱਛਣ ਛੋਟੇ, ਹਲਕੇ ਤੋਂ ਗੂੜ੍ਹੇ ਹਰੇ, ਗੋਲਾਕਾਰ ਤੋਂ ਅਨਿਯਮਿਤ-ਆਕਾਰ ਦੇ ਪਾਣੀ-ਭਿੱਜੇ ਚਟਾਕ ਦੇ ਰੂਪ ਵਿਚ ਦਿਖਾਈ ਦਿੰਦੇ ਹਨ । ਠੰਡੇ, ਨਮੀਂ ਵਾਲੇ ਮੌਸਮ ਦੇ ਦੌਰਾਨ, ਇਹ ਚਟਾਕ ਤੇਜ਼ੀ ਨਾਲ ਵੱਡੇ, ਗੂੜ੍ਹੇ ਭੂਰੇ ਜਾਂ ਕਾਲੇ ਰੰਗ ਦੇ ਬਣ ਜਾਂਦੇ ਹਨ । ਰੋਗੀ ਫਸਲ ਵਿਚ ਜੇਕਰ ਸਮੇਂ ਸਿਰ ਨਿਯੰਤਰਣ ਨਾ ਕਰੀਏ ਤਾਂ ਜਲਦੀ ਹੀ ਆਲੂ ਦੀ ਫਸਲ ਤਬਾਹ ਹੋ ਸਕਦੀ ਹੈ ।

ਆਲੂ ਉਤਪਾਦਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਅਤੇ ਸੰਪਰਕ ਉੱਲੀਨਾਸ਼ਕ ਜਿਵੇਂ ਕਿ ਇੰਡੋਫਿਲ ਐਮ-45/ਐਂਟਰਾਕੋਲ/ਕਵਚ @ 500-700 ਗ੍ਰਾਮ ਜਾਂ ਕਾਪਰ ਆਕਸੀਕਲੋਰਾਈਡ 50 ਡਬਲਯੂ ਪੀ @ 750-1000 ਗ੍ਰਾਮ ਦੀ ਸਪਰੇਅ ਕਰਨ । ਇਕ ਏਕੜ ਲਈ 250-300 ਲੀਟਰ ਪਾਣੀ ਵਿਚ ਦਵਾਈ ਘੋਲ ਕੇ ਝੁਲਸ ਰੋਗ ਆਉਣ ਤੋਂ ਪਹਿਲਾਂ 7 ਦਿਨਾਂ ਦੇ ਵਕਫੇ ’ਤੇ ਛਿੜਕਾਅ ਕਰੋ ।

**ਪ੍ਰਭਜੋਧ ਸਿੰਘ ਸੰਧੂ, ਪੌਦਾ ਰੋਗ ਵਿਭਾਗ,**
**ਪੀ. ਏ. ਯੂ., ਲੁਧਿਆਣਾ ਮੋਬਾਇਲ : 98555-19676**

## ਗੁਣਵੱਤਾ ਭਰਪੂਰ ਫਲ ਪ੍ਰਾਪਤ ਕਰਨ ਲਈ

# ਫਲਦਾਰ ਬੂਟਿਆਂ ਨੂੰ ਸਮੇਂ ਸਿਰ ਖਾਦਾਂ ਪਾਓ





ਫਲਦਾਰ ਬੂਟਿਆਂ ਨੂੰ ਸਹੀ ਸਮੇਂ ਤੇ ਸਹੀ ਮਾਤਰਾ ਵਿਚ ਅਤੇ ਸਹੀ ਢੰਗ ਨਾਲ ਖਾਦ ਪਾਉਣੀ ਚਾਹੀਦੀ ਹੈ, ਜਿਸ ਨਾਲ ਵਧੀਆ ਕੁਆਲਿਟੀ ਦਾ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਫਲਦਾਰ ਬੂਟਿਆਂ ਵਿਚ ਤੱਤਾਂ ਦੀ ਘਾਟ ਕਰਕੇ ਫੁੱਲ ਅਤੇ ਫਲ ਝੜ ਜਾਂਦੇ ਹਨ, ਇਥੋਂ ਤੱਕ ਕਿ ਫਲ ਦਾ ਸਾਇਜ਼ ਅਤੇ ਮਿਠਾਸ ਵੀ ਘੱਟ ਜਾਂਦੀ ਹੈ। ਫਲਦਾਰ ਬੂਟਿਆਂ ਵਿਚ ਤੱਤਾਂ ਦੀ ਘਾਟ ਕਰਕੇ ਬੂਟਾ ਕਮਜ਼ੋਰ ਰਹਿ ਜਾਂਦਾ ਹੈ, ਜਿਸ ਕਰਕੇ ਕਈ ਤਰ੍ਹਾਂ ਦੀਆਂ ਬੂਟੇ ਨੂੰ ਬਿਮਾਰੀਆਂ ਵੀ ਲੱਗ ਜਾਂਦੀਆਂ ਹਨ। ਉਮਰ ਦੇ ਹਿਸਾਬ ਨਾਲ ਫਲਦਾਰ ਬੂਟਿਆਂ ਨੂੰ ਹੇਠ ਲਿਖੇ ਸਾਰਣੀ-1 ਅਨਸਾਰ ਖਾਦਾਂ ਦੀ ਵਰਤੋਂ ਦਸੰਬਰ ਮਹੀਨੇ ਵਿਚ ਹੀ ਕਰਨੀ ਚਾਹੀਦੀ ਹੈ।

**ਨੋਟ** : 1. ਸਾਰੀ ਰੂੜੀ ਦੀ ਖਾਦ, ਸੁਪਰਫਾਸਫੇਟ, ਅਤੇ ਮਿਊਰੇਟ ਆਫ ਪੋਟਾਸ਼ ਖਾਦ ਨਾਖ, ਆੜੂ, ਅਲੂਚਾ, ਅੰਬ ਅਤੇ ਕਿੰਨੂ ਨੂੰ ਦਸੰਬਰ ਮਹੀਨੇ ਪਾਓ ।

2. ਕਿੰਨੂ, ਅੰਬ, ਲੀਚੀ, ਆੜੂ, ਨਾਖ ਅਤੇ ਅਲੂਚੇ ਨੂੰ ਅੱਧੀ ਯੂਰੀਆ ਖਾਦ ਫੁੱਲ ਆਉਣ ਤੋਂ ਪਹਿਲਾਂ ਅਤੇ ਅੱਧੀ ਯੂਰੀਆ ਖਾਦ ਫਲ ਪੈਣ ਤੋਂ ਬਾਅਦ ਪਾਓ।

3. ਅੰਗੂਰ ਵਿਚ ਸੁਪਰਫਾਸਫੇਟ ਅਤੇ ਅੱਧੀ ਯੂਰੀਆ ਖਾਦ ਅਤੇ ਅੱਧੀ ਪੋਟਾਸ਼ ਖਾਦ ਕਾਂਟ ਛਾਂਟ ਤੋਂ ਬਾਦ ਅਤੇ ਬਾਕੀ ਯੂਰੀਆ ਅਤੇ ਪੋਟਾਸ਼ ਖਾਦ ਅਪਰੈਲ ਮਹੀਨੇ ਪਾਓ।

4. ਫਲਦਾਰ ਬੂਟਿਆਂ ਨੂੰ ਖਾਦਾਂ, ਬੂਟਿਆਂ ਦੀ ਛੱਤਰੀ (ਕਾਨੋਪੀ) ਹੇਠ ਪਾਉਣੀ ਚਾਹੀਦੀ ਹੈ। ਤਣੇ ਤੋਂ ਇਕ ਫੁੱਟ ਦੂਰ ਖਾਦ ਪਾਓ, ਕਿਉਂਕਿ ਬੂਟਿਆਂ ਦੀਆਂ ਖੁਰਾਕ ਲੈਣ ਵਾਲੀਆਂ ਜੜ੍ਹਾਂ ਆਲੇ ਦੁਆਲੇ ਕਾਨੋਪੀ ਵਿਚ ਹੀ ਹੁੰਦੀਆਂ ਹਨ। ਖਾਦ ਪਾ ਕੇ ਹਲਕੀ ਗੋਡੀ ਕਰ ਦੇਣੀ ਚਾਹੀਦੀ ਹੈ।



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

5. ਅਮਰੂਦ ਦੇ ਬੂਟਿਆਂ ਨੂੰ ਖਾਦ ਪਾਉਣ ਦਾ ਢੁੱਕਵਾਂ ਸਮਾਂ ਮਈ-ਜੂਨ ਅਤੇ ਸਤੰਬਰ-ਅਕਤੂਬਰ ਮਹੀਨੇ ਹਨ।

6. ਬੇਰ ਨੂੰ ਖਾਦ ਪਾਉਣ ਦਾ ਢੁੱਕਵਾਂ ਸਮਾਂ ਜੁਲਾਈ ਮਹੀਨਾ ਹੈ।

7. ਨਾਈਟਰੋਜਨ ਫਲਦਾਰ ਬੂਟਿਆਂ ਲਈ ਮੁੱਖ ਤੱਤ ਹੈ। ਨਾਈਟਰੋਜਨ ਦੀ ਘਾਟ ਕਰਕੇ ਬੂਟਿਆਂ ਦੀ ਸਿਹਤ ਅਤੇ ਝਾੜ ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਜ਼ਿਆਦਾ ਮਾਤਰਾ ਵਿਚ ਪਾਉਣ ਨਾਲ ਬਨਸਪਤਿਕ ਵਾਧਾ ਜ਼ਿਆਦਾ ਹੁੰਦਾ ਹੈ। ਸੋ ਸਿਫਾਰਸ਼ ਦੇ ਅਨੁਸਾਰ ਹੀ ਨਾਈਟਰੋਜਨ ਖਾਦ ਪਾਉਣੀ ਚਾਹੀਦੀ ਹੈ।

8. ਫਾਸਫੋਰਸ ਫਲਦਾਰ ਬੂਟਿਆਂ ਦੇ ਫਲ ਦੀਆਂ ਕਲੀਆਂ ਬਨਣ ਅਤੇ ਜੜ੍ਹਾ ਦੇ ਵਾਧੇ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਫਾਸਫੋਰਸ ਦੀ ਘਾਟ ਪਹਿਲਾਂ ਪੁਰਾਣੇ ਪੱਤਿਆਂ ਤੇ ਨਜ਼ਰ ਆਉਂਦੀ ਹੈ। ਇਸ ਦੀ ਘਾਟ ਕਰਕੇ ਪੱਤਿਆਂ ਦਾ ਰੰਗ ਕਾਂਸੀ ਜਾਂ ਜਾਮਣੀ ਰੰਗ ਦੀ ਭਾਅ ਮਾਰਦਾ ਹੈ ਅਤੇ ਪੱਤੇ ਪੂਰੇ ਵਿਕਸਤ ਵੀ ਨਹੀਂ ਹੁੰਦੇ।

9. ਪੋਟਾਸ਼ੀਅਮ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਵਿਰੁੱਧ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਫਲ ਦੀ ਕੁਆਲਟੀ ਵਿਚ ਸੁਧਾਰ ਕਰਦੀ ਹੈ। ਪੋਟਾਸ਼ੀਅਮ ਦੀ ਘਾਟ ਪੁਰਾਣੇ ਮੁੱਢਲੇ ਪੱਤਿਆਂ ਤੇ ਦਿਖਾਈ ਦਿੰਦੀ ਹੈ। ਇਸ ਨਾਲ ਪੱਤਿਆਂ ਦੇ ਕਿਨਾਰੇ ਸੁੱਕ ਜਾਦੇ ਹਨ ਅਤੇ ਅੰਦਰ ਵੱਲ ਮੁੜ ਜਾਂਦੇ ਹਨ। ਪੋਟਾਸ਼ੀਅਮ ਦੀ ਜ਼ਿਆਦਾ ਮਾਤਰਾ ਫਲਾਂ ਵਿਚ ਕੈਲਸ਼ੀਅਮ ਦੀ ਮਾਤਰਾ ਘਟਾ ਦਿੰਦਾ ਹੈ ਜਿਸ ਦੇ ਨਤੀਜੇ ਵਜੋਂ ਤੁੜਾਈ ਤੋਂ ਬਾਦ ਫਲ ਜਲਦੀ ਖਰਾਬ ਹੋ ਜਾਂਦੇ ਹਨ। ਇਸ ਤੋਂ ਇਲਾਵਾ ਪੋਟਾਸ਼ੀਅਮ ਦੀ ਜ਼ਿਆਦਾ ਮਾਤਰਾ ਨਾਲ ਮੈਗਨੀਸ਼ੀਅਮ ਦੀ ਘਾਟ ਆ ਜਾਂਦੀ ਹੈ।

10. ਜੇਕਰ ਉੱਕਤ ਤੱਤ ਮਿੱਟੀ ਟੈਸਟ ਕਰਵਾਉਣ ਤੋਂ ਬਾਅਦ ਪਾਏ ਜਾਣ ਤਾਂ ਆਰਥਿਕ ਤੌਰ ਤੇ ਵੀ ਬੱਚਤ ਹੋ ਸਕਦੀ ਹੈ। ਇਹ ਮਿੱਟੀ ਟੈਸਟ ਤੁਸੀਂ ਬਾਗਬਾਨੀ ਵਿਭਾਗ ਪੰਜਾਬ, ਖੇਤੀਬਾੜੀ ਯੂਨੀਵਰਸਿਟੀ ਜਾਂ ਖੇਤੀਬਾੜੀ ਵਿਭਾਗ ਦੀਆਂ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਵਿਚੋਂ ਕਰਵਾ ਸਕਦੇ ਹੈ। ਇਸ ਕੰਮ ਲਈ ਬਾਗਬਾਨੀ ਵਿਭਾਗ ਦੇ ਕਰਮਚਾਰੀਆਂ ਤੋਂ ਵੀ ਮਦਦ ਲਈ ਜਾ ਸਕਦੀ ਹੈ ਕਿਉਂਕਿ ਇਹ ਮਿੱਟੀ ਬਾਗ ਵਾਲੀ ਥਾਂ ਤੋਂ 7 ਫੁੱਟ ਤੱਕ ਵੱਖ-ਵੱਖ ਡੂੰਘਾਈਆਂ ਤੋਂ ਔਗਰ ਸੰਦ ਨਾਲ ਲਈ ਜਾ ਸਕਦੀ ਹੈ।



ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ।

ਸਾਰਣੀ-1 : ਫਲਦਾਰ ਬੂਟਿਆਂ ਨੂੰ ਉਮਰ ਦੇ ਹਿਸਾਬ ਨਾਲ ਰਸਾਇਣਕ ਖਾਦ (ਗ੍ਰਾਮ) ਦੀ ਮਾਤਰਾ

| ਲ. ਨੰ | ਫਲਦਾਰ ਬੂਟੇ ਦਾ ਨਾਂ | ਉਮਰ (ਸਾਲ) | ਰੂੜੀ ਦੀ ਖਾਦ (ਕਿਲੋ) | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
|---|---|---|---|---|---|---|
| 1. | ਕਿੰਨੂ | 1-3 | 10-30 | 240-730 | -- | -- |
| | | 4-7 | 40-80 | 970-1690 | 1370-2400 | -- |
| | | 8 ਤੋਂ ਉੱਪਰ | 100 | 1940 | 2730 | -- |
| 2. | ਅੰਬ | 1-3 | 5-20 | 100-200 | 250-500 | 175-350 |
| | | 4-6 | 25-50 | 200-400 | 500-750 | 350-700 |
| | | 7-9 | 60-90 | 400-500 | 750-1000 | 700-1000 |
| | | 10 ਤੋਂ ਉੱਪਰ | 100 | 500 | 1000 | 1000 |
| 3. | ਲੀਚੀ | 1-3 | 10-20 | 150-500 | 200-600 | 60-150 |
| | | 4-6 | 25-40 | 500-1000 | 750-1250 | 200-300 |
| | | 7-10 | 40-50 | 1000-1500 | 1500-2000 | 300-500 |
| | | 10 ਤੋਂ ਉੱਪਰ | 50 | 1600 | 2250 | 600 |
| 4. | ਆੜੂ | 1-2 | 10-15 | 180-360 | 190-380 | 150-300 |
| | | 3-4 | 20-25 | 540-1000 | 570-760 | 450-830 |
| | | 5 ਤੋਂ ਉੱਪਰ | 25 | 1000 | 760 | 830 |
| 5. | ਅਲੂਚਾ | 1-2 | 6-12 | 60-120 | 95-190 | 60-120 |
| | | 3-4 | 18-24 | 180-240 | 285-380 | 180-240 |
| | | 5-6 | 30-36 | 300-360 | 475-570 | 300-360 |
| | | 6 ਤੋਂ ਉੱਪਰ | 36 | 360 | 570 | 360 |
| 6. | ਨਾਖ | 1-3 | 10-20 | 100-300 | 200-600 | 150-450 |
| | | 4-6 | 25-35 | 400-600 | 800-1200 | 600-900 |
| | | 7-9 | 40-50 | 700-900 | 1400-1800 | 1050-1350 |
| | | 10 ਤੋਂ ਉੱਪਰ | 50 | 1000 | 2000 | 1500 |
| 7. | ਅੰਗੂਰ | 1 | 20 | 400 | 1500 | 250 |
| | | 2 | 35 | 500 | 2500 | 350 |
| | | 3 | 50 | 600 | 3500 | 500 |
| | | 4 | 65 | 800 | 4000 | 650 |
| | | 5 ਤੋਂ ਉੱਪਰ | 80 | 1000 | 4500 | 800 |

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੈਂਟ ਡਿਜਾਇਨ
TOLL FREE NUMBER
1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co